# ਵਰਿਆਮ





ਛੱਬੀਵਾਂ ਸਾਲ

ਅਪਰੈਲ ੨੦੦੧

ਹੋਲੀ ਕੀਨੀ ਸੰਤ ਸੇਵ!! ਰੰਗੁ ਲਾਗਾ ਅਤਿ ਲਾਲ ਦੇਵ !!



Sri Satguru Jagjit Singh Ji eLibrary NamdhariElibrary@gmail.com

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ
ਦੀ ਹਜ਼ੂਰੀ ਵਿਚ
ਹੋਲਾ ਮਹੱਲਾ ਸ੍ਰੀ ਭੈਣੀ ਸਾਹਿਬ
ਵਿਖੇ ਜੈਨ ਮੁਨੀ ਸ੍ਰੀ
ਯੋਗੀ ਸ਼ਾਂਤੀ ਜੀ ਪ੍ਰਵਚਨ ਕਰਦੇ ਹੋਏ।
ਸਾਧੂ ਸ੍ਰੀ ਅਮਰਿੰਦਰ ਮੁਨੀ ਜੀ
ਵੀ ਬੈਠੇ ਹਨ।





ਸ੍ਰੀ ਸਤਿਗੁਰੂ ਜੀ ਤੋਂ ਆਸ਼ੀਰਵਾਦ
ਪ੍ਰਾਪਤ ਕਰ ਰਹੇ ਪ੍ਰਸਿਧ
ਗਾਇਕ ਸ੍ਰੀ ਹੰਸ ਰਾਜ ਹੰਸ।
ਪਿਛੇ ਸ. ਬਹਾਦਰ ਸਿੰਘ ਵੀ ਖੜੇ ਹਨ।

ਹੋਲੇ ਦੀ ਅਪਾਰ ਸਫਲਤਾ ਤੇ
ਪਰਸੰਨ ਸੰਤ ਬਹਾਦਰ ਸਿੰਘ
ਸਿਹਰਾ ਅਪਣੇ ਪਰਿਵਾਰ
ਅਤੇ ਸਹਿਯੋਗੀਆਂ ਨਾਲ



Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਵਰਿਆਮ ਦਾ ਵਿਸ਼ੇਸ਼ ਸਿਲਵਰ ਜੁਬਲੀ ਸਮਾਗਮ ੨੯ ਅਪਰੈਲ ਨੂੰ

## ਹੁੰਮ-ਹੁਮਾਕੇ ਪੁੱਜਣ ਵਾਸਤੇ ਬੇਨਤੀ

ਤੁਹਾਡੇ ਪਿਆਰੇ ਪਰਚੇ 'ਵਰਿਆਮ' ਨੇ ਬੀਤੇ ਅਕਤੂਬਰ ਮਹੀਨੇ ਦੇ ਅੰਕ ਨਾਲ ਪੰਝੀ ਵਰ੍ਹੇ, ਪੂਰੇ ਕਰ ਲਏ ਸਨ। ਵਰਿਆਮ ਦੇ ਪਾਠਕਾਂ, ਲੇਖਕਾਂ, ਅਤੇ ਸਹਿਯੋਗੀਆਂ ਦੀ ਰੀਝ ਵਿਚ ਸਾਡੀ ਰੀਝ ਵੀ ਸ਼ਾਮਲ ਹੈ ਕਿ ਇਸ ਅਵਸਰ ਤੇ ਵਿਸ਼ੇਸ਼ ਸਮਾਗਮ ਕੀਤਾ ਜਾਵੇ। ਇਹ ਸਮਾਗਮ ਕਿੰਨ੍ਹਾਂ ਕਾਰਨਾਂ ਕਰਕੇ ਅੱਗੇ ਤੋਂ ਅਗੇਰੇ ਪੈਂਦਾ ਗਿਆ ਇਸ ਤੋਂ ਆਪ ਭਲੀ ਪਰਕਾਰ ਵਾਕਿਫ਼ ਹੋ।

ਸਭ ਕੁਝ ਸੋਚ ਵਿਚਾਰ ਕੇ ਅਸੀਂ ਇਹ ਸੂਚਨਾ ਦੇਣ ਵਿਚ ਖੁਸ਼ੀ ਮਹਿਸੂਸ ਕਰ ਰਹੇ ਹਾਂ ਕਿ ਵਰਿਆਮ ਦੇ ਚੌਥਾਈ ਸਦੀ ਦਾ ਸਫ਼ਰ ਸੰਪੂਰਨ ਕਰਨ ਉਤੇ ਆਪਣੇ ਪਾਠਕਾਂ ਲੇਖਕਾਂ ਅਤੇ ਸਹਿਯੋਗੀਆਂ ਦਾ ਧੰਨਵਾਦ ਕਰਨ ਵਾਸਤੇ ਵਿਸ਼ੇਸ਼ **ਸਿਲਵਰ ਜੁਬਲੀ** ਸਮਾਗਮ ਐਤਵਾਰ ਮਿਤੀ ੨੯ ਅਪਰੈਲ ੨੦੦੧ ਨੂੰ ਸਵੇਰ ੧੦ ਵਜੇ ਤੋਂ ਦੇਸ਼ ਭਗਤ ਯਾਦਗਾਰ ਹਾਲ ਜੀ.ਟੀ. ਰੋਡ ਜਲੰਧਰ ਵਿਚ ਹੋ ਰਿਹਾ ਹੈ।

ਇਸ ਸਮਾਗਮ ਵਿਚ ਵਿਦਵਾਨ ਦੋਸਤ ਵਿਚਾਰ ਸਾਂਝੇ ਕਰਨਗੇ। ਕਵਿਤਾਵਾਂ ਅਤੇ ਗੀਤ ਸੰਗੀਤ ਦਾ ਪ੍ਰੋਗਰਾਮ ਹੋਵੇਗਾ ਅਤੇ ਵਰਿਆਮ ਦਾ ਵਿਸ਼ੇਸ਼ ਅੰਕ ਰੀਲੀਜ਼ ਹੋਵੇਗਾ।

ਇਸ ਵਾਸਤੇ ਅਸੀਂ ਆਪਣੇ ਸਾਰੇ ਪਾਠਕਾਂ ਲੇਖਕਾਂ ਅਤੇ ਸਨੇਹੀਆਂ ਨੂੰ ਸਨਿਮਰ ਬੇਨਤੀ ਕਰਦੇ ਹਾਂ ਕਿ ਇਹ ਦਿਨ ਹੁਣ ਤੋਂ ਹੀ ਰਾਖਵਾਂ ਕਰ ਲਵੋ ਅਤੇ ਉਸ ਦਿਨ ਹੁੰਮ ਹੁਮਾ ਕੇ ਸੰਗੀਆਂ ਸਾਥੀਆਂ ਤੇ ਪਰਿਵਾਰਾਂ ਸਹਿਤ ਪੁੱਜ ਕੇ ਇਸ ਖੁਸ਼ੀਆਂ ਅਤੇ ਧੰਨਵਾਦ ਦੇ ਸਮਾਗਮ ਵਿਚ ਸ਼ਾਮਲ ਹੋਵੋ।

ਆਪਣੇ ਪੁੱਜਣ ਦੀ ਅਗਾਊਂ ਸੂਚਨਾ ਭੇਜ ਸਕੋ ਤਾਂ ਅਸੀਂ ਜ਼ਿਆਦਾ ਧੰਨਵਾਦੀ ਹੋਵਾਂਗੇ। ਇਸ ਨਾਲ ਪਰਬੰਧ ਦੀ ਸਹੂਲਤ ਰਹੇਗੀ। ਦੂਰੋਂ ਆਉਣ ਵਾਲੇ ਸਜਨਾਂ ਦੇ ਰਾਤ ਠਹਿਰਣ ਦਾ ਪਰਬੰਧ ਕਰਨ ਵਿਚ ਵੀ ਆਸਾਨੀ ਰਹੇਗੀ।

ਸ਼ਾਇਦ ਅਸੀਂ ਪਰਬੰਧਕੀ ਤੌਰ ਤੇ ਏਨੇ ਸਮਰਥਾਵਾਨ ਨਾ ਹੋਈਏ, ਪਰ ਪਰਸਪਰ ਪਿਆਰ ਅਤੇ ਸਹਿਯੋਗ ਨਾਲ ਅਸਾਂ ਸਾਰਿਆਂ ਰਲ-ਮਿਲਕੇ ਇਹ ਕਾਰਜ ਸਿਰੇ ਚਾੜ੍ਹਨਾ ਹੈ।

ਇਸ ਪੱਤਰ ਨੂੰ ਹੀ ਸੱਦਾ ਪੱਤਰ ਸਮਝਣਾ ਤੇ ਥੋਹੜੇ ਲਿਖੇ ਨੂੰ ਬਹੁਤਾ ਜਾਨਣਾ। ਤੁਹਾਡੇ ਆਉਣ ਨਾਲ ਅਸੀਂ ਧੰਨ ਹੋ ਜਾਵਾਂਗੇ।

*—ਜਗਦੀਸ਼ ਸਿੰਘ*

*ਸੰਪਾਦਕ 'ਵਰਿਆਮ'*


Sri Satguru Jagjit Singh Ji eLibrary NamdhariElibrary@gmail.com

https://archive.org/details/namdhari


# ਵਰਿਆਮ

ਮਾਰਚ ੨੦੦੧

ਜਿਲਦ-੨੬

ਅੰਕ-੬

ਸੰਪਾਦਕ
ਜਗਦੀਸ਼ ਸਿੰਘ 'ਵਰਿਆਮ'



| ਦਫਤਰ ਦਾ ਪਤਾ: | Office Address : |
|---|---|
| ਮਾਸਿਕ ਵਰਿਆਮ | Monthly WARIAM |
| ਲਾਡੋਵਾਲੀ ਰੋਡ | (Punjabi) |
| ਸਾਹਮਣੇ ਸੈਂਟਰਲ ਟਾਊਨ | Ladowali Road. |
| ਜਲੰਧਰ- ੧੪੪੦੦੧ | Opp. Central Town, |
| | Jalandhar-144001 |
| ਫੋਨ-ਦਫਤਰ : ੨੨੨੫੪੩ | Ph. : 222543 (O) |
| ਘਰ : ੫੬੨੮੯ | 56289 (R) |


## ਵਰਿਆਮ ਦੇ ਦਰ

| | |
|---|---|
| ਇਹ ਅੰਕ | ੧੦-੦੦ ਰੁਪਏ |
| ਸਾਲਾਨਾ ਚੰਦਾ | ੧੦੦-੦੦ ਰੁਪਏ |
| ਤਿੰਨ ਸਾਲ ਵਾਸਤੇ | ੨੫੦-੦੦ ਰੁਪਏ |
| ਪੰਜ ਸਾਲ ਵਾਸਤੇ | ੪੦੦-੦੦ ਰੁਪਏ |
| ਜੀਵਨ ਮੈਂਬਰ | ੧੦੦੦-੦੦ ਰੁਪਏ |

ਵਿਦੇਸ਼ ਹਵਾਈ ਡਾਕ (ਇਕ ਸਾਲ) ੨੦ ਪੌਂਡ, ੩੦ ਡਾਲਰ

ਚੈਕ ਡਰਾਫਟ Mounthly Wariam ਦੇ ਨਾਂਅ ਤੇ ਹੀ ਭੇਜੇ ਜਾਣ।

## ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

ਭਗਤਾ ਕੀ ਚਾਲ ਨਿਰਾਲੀ॥
ਚਾਲਾ ਨਿਰਾਲੀ ਭਗਤਾਹ ਕੇਰੀ
ਬਿਖਮ ਮਾਰਗਿ ਚਲਣਾ॥
ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ
ਬਹੁਤੁ ਨਾਹੀ ਬੋਲਣਾ॥
ਖੰਨਿਅਹੁ ਤਿਖੀ ਵਾਲਹੁ ਨਿਕੀ
ਏਤੁ ਮਾਰਗਿ ਜਾਣਾ॥
ਗੁਰ ਪਰਸਾਦੀ ਜਿਨੀ ਆਪੁ ਤਜਿਆ
ਹਰਿ ਵਾਸਨਾ ਸਮਾਣੀ॥
ਕਹੇ ਨਾਨਕੁ ਚਾਲ ਭਗਤਾ
ਜੁਗਹੁ ਜੁਗੁ ਨਿਰਾਲੀ॥

## ਤਤਕਰਾ


ਸ੍ਰੀ ਭੈਣੀ ਸਾਹਿਬ ਦਾ ਹੋਲਾ ਮੁਹੱਲਾ -*ਜਗਦੀਸ਼ ਸਿੰਘ* --- ੨

ਕੀ ਸਵਿਸ ਬੈਂਕਾਂ ਅਤੇ ਸਰਕਾਰ ਨੂੰ ਬੇਨਕਾਬ ਕਰਨ ਵਾਲੇ ਯੋਧੇ ਜੀਨ ਜ਼ੀਗਲਰ ਦਾ ਸੰਘਰਸ਼ ਸਫ਼ਲ ਹੋਵੇਗਾ -*ਸਿਧਾਰਥ*-੫

ਅੱਖਰ ਰਿਸ਼ਤੇ ਰੂਹ ਦੇ -*ਨੀਲਮ ਸੰਜੀਵ* ---------- ੯

ਗ਼ਜ਼ਲ -*ਅਜੀਤ ਸਿੰਘ ਚੀਮਾ* ------------ ੯

ਬਚਿਤ੍ਰ ਨਾਟਕ-ਇਕ ਅਪੂਰਵ ਕ੍ਰਿਤੀ -*ਬੇਅੰਤ ਕੌਰ* - ੧੧

ਵਿਰਲੀ ਟਾਂਵੀਂ ਬਾਤ ਦਾ ਨਾਇਕ -*ਨਿੰਦਰ ਘੁਗਿਆਣਵੀ*-੧੭

ਖ਼ਬਰਨਾਮਾ- ---------------------- ੨੩


## ਮੁੱਖ ਪੰਨਾ

ਹੋਲਾ ਮਹੱਲਾ ਸ੍ਰੀ ਭੈਣੀ ਸਾਹਿਬ ਦੇ ਦ੍ਰਿਸ਼
ਫੋਟੋਗ੍ਰਾਫਰ-ਨਿਸ਼ਾਨ ਸਿੰਘ ਜੌਹਲ
ਆਰਟਿਸਟ-ਸੁਖਵੰਤ ਸਿੰਘ।



Sri Satguru Jagjit Singh Ji eLibrary NamdhariElibrary@gmail.com

https://archive.org/details/namdhari



# ਸ੍ਰੀ ਭੈਣੀ ਸਾਹਿਬ ਦਾ ਹੋਲਾ ਮਹੱਲਾ

ਨਾਮਧਾਰੀ ਸੰਗਤ ਵਲੋਂ ਹਰ ਸਾਲ ਹੋਲੇ ਮੁਹੱਲੇ ਦਾ ਇਤਿਹਾਸਕ ਪੁਰਬ ਸ਼ਰਧਾ, ਭਗਤੀ ਅਤੇ ਨਾਮ ਸਿਮਰਨ ਦੇ ਨਵੇਕਲੇ ਢੰਗ ਨਾਲ ਮਣਾਇਆ ਜਾਂਦਾ ਹੈ। ਇਸ ਦੀ ਵਿਲੱਖਣਤਾ ਇਹ ਹੁੰਦੀ ਹੈ ਕਿ ਇਹ ਪੂਰਨ ਤੌਰ ਤੇ ਅਨੁਸ਼ਾਸਨ ਸਬਰ ਸੰਤੋਖ ਅਤੇ ਅਧਿਆਤਮ ਰੰਗ ਵਿਚ ਰੰਗਿਆ ਹੁੰਦਾ ਹੈ। ਇਹ ਸ਼ੁਰੂ ਹੋਲੀ ਵਾਲੇ ਦਿਨ ਤੋਂ ਹੁੰਦਾ ਹੈ ਅਤੇ ਸਮਾਪਤੀ ਹੋਲੇ ਤੋਂ ਦੋ ਦਿਨ ਬਾਦ ਹੁੰਦੀ ਹੈ। ਕ੍ਰਿਸ਼ਨ ਭਗਵਾਨ ਦੀ ਹੋਲੀ, ਗੁਰੂ ਗੋਬਿੰਦ ਸਿੰਘ ਜੀ ਦਾ ਹੋਲਾ, ਗੁਰੂ ਬਾਲਕ ਸਿੰਘ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪ੍ਰਕਾਸ਼ ਦਿਵਸ ਸ਼ਾਮਲ ਹੋਣ ਨਾਲ ਇਹ ਬਹੁਤ ਮਹੱਤਵ ਪੂਰਨ ਪੁਰਬ ਬਣ ਜਾਂਦਾ ਹੈ। ਇਹ ਸਮਾਗਮ ਦੇਸ਼ ਵਿਦੇਸ਼ ਦੇ ਵੱਖ-ਵੱਖ ਥਾਵਾਂ ਤੇ ਹੁੰਦਾ ਹੈ ਅਤੇ ਜ਼ਿਆਦਾ ਕਰਕੇ ਨਾਮਧਾਰੀਆਂ ਦੇ ਮੁੱਖ ਕੇਂਦਰ ਸ੍ਰੀ ਭੈਣੀ ਸਾਹਿਬ ਵਿਚ ਮਨਾਇਆ ਜਾਂਦਾ ਹੈ। ਇਸ ਸਾਰੇ ਸਮਾਗਮ ਦੀ ਸੇਵਾ (ਮੇਜ਼ਬਾਨੀ) ਮੰਗਣ ਵਾਲੀਆਂ ਸੰਗਤਾਂ, ਇਲਾਕੇ ਜਾਂ ਸਮਰਥ ਵਿਅਕਤੀ ਹੁੰਦੇ ਹਨ। ਇਸ ਵਾਰ ਇਸ ਦੀ ਸੇਵਾ, ਲੰਗਰ ਪਾਣੀ ਤੇ ਦੀਵਾਨਾਂ ਦੇ ਖਰਚ ਦੀ ਸੇਵਾ ਤੇ ਹੋਰ ਮੇਜ਼ਬਾਨੀ ਦੀ ਸੇਵਾ ਇੰਗਲੈਂਡ ਨਿਵਾਸੀ ਸ. ਰਣਜੀਤ ਸਿੰਘ ਤੇ ਸ. ਬਹਾਦਰ ਸਿੰਘ ਸਿਹਰਾ ਹੋਰਾਂ ਸਾਂਝੇ ਤੌਰ ਤੇ ਸਤਿਗੁਰੂ ਜੀ ਤੋਂ ਬੇਨਤੀ ਕਰਕੇ ਪ੍ਰਾਪਤ ਕੀਤੀ ਸੀ।

ਇਸ ਵਾਰ ਇਸ ਹੋਲਾ ਮਹਾਂ ਕੁੰਭ ਬਾਰੇ ਕਈ ਖਦਸ਼ੇ ਸਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸਿਹਤ ਕਰਕੇ ਸਰੀਰ ਆਰਾਮ ਮੰਗਦਾ ਸੀ। ਸੰਗਤਾਂ ਦੂਰ ਦੂਰ ਤੋਂ ਆ ਕੇ ਆਪ ਦੇ ਦਰਸ਼ਨ ਕਰ ਕਰ ਕੇ ਅੱਗੇ ਹੀ ਘਰਾਂ ਨੂੰ ਵਾਪਸ ਜਾ ਰਹੀਆਂ ਸਨ। ਆਪ ਨੇ ਆਪਣੀਆਂ ਸਰਗਰਮੀਆਂ ਬਹੁਤ ਸੀਮਤ ਕੀਤੀਆਂ ਹੋਈਆਂ ਹਨ ਅਤੇ ਨਿਜੀ ਮੁਲਾਕਾਤਾਂ ਅਤੇ ਮਸਲਿਆਂ ਬਾਰੇ ਨਿਰਲੇਪਤਾ ਵਰਤੀ ਹੋਈ ਹੈ। ਇਸ ਕਰਕੇ ਬਹੁਤੇ ਕਿਆਸਕਾਰਾਂ ਦਾ ਅਨੁਮਾਨ ਸੀ ਕਿ ਹੋਲੇ ਸਮੇਂ ਪਹਿਲੇ ਵਾਲੀਆਂ ਰੌਣਕਾਂ ਨਹੀਂ ਹੋਣਗੀਆਂ ਅਤੇ ਸੰਗਤਾਂ ਆ ਆ ਕੇ ਜਲਦੀ ਵਾਪਸ ਮੁੜ ਜਾਣਗੀਆਂ।

ਪਰ ਇਸ ਵਾਰ ਦੇ ਹੋਲੇ ਨੇ ਸਭ ਕਿਆਫੇ ਨਿਰਮੂਲ ਸਿੱਧ ਕਰ ਦਿੱਤੇ। ਚਾਰ ਦਿਨ ੯-੧੦-੧੧-੧੨ ਮਾਰਚ ੨੦੦੧ ਨੂੰ ਇਹ ਸਮਾਗਮ ਚਲਿਆ ਅਤੇ ਇਸ ਨੇ ਸਾਰੇ ਰਿਕਾਰਡ ਤੋੜ ਦਿੱਤੇ। ਹਾਜ਼ਰੀ ਪੱਖੋਂ ਪ੍ਰਬੰਧ ਦੇ ਪੱਖੋਂ ਦੀਵਾਨਾਂ ਦੇ ਪੱਖੋਂ ਹਰ ਪਾਸਿਉਂ ਹੀ ਬੱਲੇ ਬੱਲੇ ਹੋ ਰਹੀ ਸੀ। ਸਤਿਗੁਰੂ ਜੀ ਨੇ ਅੰਮ੍ਰਿਤ ਵੇਲੇ ਦੀ ਆਸਾ ਦੀ ਵਾਰ, ਤੇ ਬਾਦ ਦੁਪਹਿਰ ਦੇ ਦੀਵਾਨਾਂ ਵਿਚ ਘੰਟਿਆਂ ਬੱਧੀ ਆਸਣ ਉਤੇ ਸਸ਼ੋਭਤ ਹੋ ਕੇ ਅਤੇ ਆਪਣੇ ਪਵਿੱਤਰ ਪ੍ਰਵਚਨਾਂ ਰਾਹੀਂ ਸਾਰੇ ਖਦਸ਼ੇ ਦੂਰ ਕਰ ਦਿੱਤੇ। ਸੰਗਤਾਂ ਗੁਰੂ ਦਰਸ਼ਨ ਨਾਲ ਤਾਂ ਨਿਹਾਲ ਹੋਈਆਂ ਹੀ, ਸਾਰੀ ਸਾਰੀ ਰਾਤ ਦੇ ਹੱਲੇ ਦੇ ਦੀਵਾਨਾਂ ਦੀ ਘਣਘੋਰਾਂ ਰਾਗੀਆਂ ਦੇ ਕੀਰਤਨ ਕਵੀ ਦਰਬਾਰ ਅਤੇ ਬਾਤਰਤੀਬ ਅਤੁੱਟ ਸਵਾਦਿਸ਼ਟ ਅੰਮ੍ਰਿਤਮਈ ਲੰਗਰ ਅਤੇ ਸੇਵਾਦਾਰਾਂ ਦੀ ਆਦਰ ਮਾਣ ਦੀ ਭਾਵਨਾਂ ਨੇ ਸਭ ਦੇ ਮਨ ਜਿੱਤ ਲਏ। ਸੰਤ ਬਹਾਦਰ ਸਿੰਘ ਸਿਹਰਾ ਜੋ ਕਿ ਦੁਆਬੇ ਦੇ ਮਸ਼ਹੂਰ ਮਹਾਂਪੁਰਖ ਸੂਬਾ ਦਸੌਂਧਾ ਸਿੰਘ ਜੀ ਦੇ ਪੜਪੋਤੇ ਹਨ ਆਪਣੇ ਸਾਰੇ ਵੱਡ ਪਰਿਵਾਰ ਨਾਲ ਹੋਲੇ ਦੀ ਮੇਜ਼ਬਾਨੀ ਕਰ ਦਿਆਂ ਅਨੰਤ ਖੁਸ਼ੀਆਂ ਮਾਣ ਰਹੇ ਸਨ। ਇਹ ਹੋਲਾ ਤਾਂ ਸਫਲਤਾ ਸਹਿਤ ਸਿਰੇ ਚੜ੍ਹਿਆ ਹੀ ਸਗੋਂ ਸੰਤ ਬਹਾਦਰ ਸਿੰਘ ਤੇ ਰਣਜੀਤ ਸਿੰਘ ਹੋਰਾਂ ਸੰਨ ੨੦੦੪ ਦੇ ਹੋਲੇ ਦੀ ਸੇਵਾ ਦੀ ਮਨਜ਼ੂਰੀ ਵੀ ਸਤਿਗੁਰੂ ਜੀ ਤੋਂ ਪ੍ਰਾਪਤ ਕਰ ਲਈ। ਇਕ ਹੋਲਾ ਉਹ ਅੱਗੇ ਵੀ ਕਰਾ ਚੁੱਕੇ ਹਨ। ਇਸ ਤਰ੍ਹਾਂ ਹੋਲੇ ਦੀ ਤੇਹਰ ਉਹ ਪਾ ਗਏ। ਇਸ ਕਰਕੇ ਉਹ ਵਧਾਈ ਦੇ ਪਾਤਰ ਹਨ। ਇਸ ਹੋਲੇ ਨਾਲ ਸੰਗਤਾਂ ਵਿੱਚ ਭਾਰੀ ਉਤਸ਼ਾਹ ਵਧਿਆ ਹੈ।

*—ਜਗਦੀਸ਼ ਸਿੰਘ*



Sri Satguru Jagjit Singh Ji eLibrary NamdhariElibrary@gmail.com

https://archive.org/details/namdhari



https://archive.org/details/namdhari

### ਸਵਿਟਜ਼ਰਲੈਂਡ ਦੁਨੀਆਂ ਭਰ ਦੇ ਲੁਟੇਰਿਆਂ, ਡਾਕੂਆਂ ਲਈ ਬਹਿਸ਼ਤ

# ਕੀ ਸਵਿਸ ਬੈਂਕਾਂ ਅਤੇ ਸਰਕਾਰ ਨੂੰ ਬੇਨਕਾਬ ਕਰਨ ਵਾਲੇ ਯੋਧੇ ਜੀਨ ਜ਼ੀਗਲਰ ਦਾ ਸੰਘਰਸ਼ ਸਫ਼ਲ ਹੋਵੇਗਾ?

-ਸਿਧਾਰਥ

*ਨਵੀਂ ਦਿੱਲੀ ਤੋਂ ਛਪਦੇ ਅੰਗਰੇਜ਼ੀ ਅਖ਼ਬਾਰ 'ਦਾ ਹਿੰਦੂ' ਦੇ ਜਨੇਵਾ ਰਹਿੰਦੇ ਪੱਤਰਕਾਰ ਸਿਧਾਰਥ ਨੇ ਪਿਛਲੇ ਸਾਲ ਮਹਾਨ ਬੁਧੀਜੀਵੀ ਅਤੇ ਵਿਦਵਾਨ ਲੇਖਕ ਜੀਨ ਜ਼ੀਗਲਰ ਨਾਲ ਇਕ ਮੁਲਾਕਾਤ ਕਰਕੇ ਇਹ ਲੇਖ ੨੮ ਮਈ, ੨੦੦੦ ਦੇ ਅੰਕ 'ਚ ਛਾਪਿਆ ਸੀ। ਇਸ ਲੇਖ ਨੂੰ ਬਹੁਤ ਮਹੱਤਵਪੂਰਨ ਹੋਣ ਕਾਰਨ ਇਸ ਨੂੰ ਪੰਜਾਬੀ ਭਾਸ਼ਾ 'ਚ ਛਾਪਣਾ ਮੇਰੀ ਚਿਰਾ ਦੀ ਇੱਛਾ ਸੀ। ਮੇਰੇ ਪਰਮ ਮਿੱਤਰ ਜਗਦੀਸ਼ ਸਿੰਘ ਵਰਿਆਮ ਨੇ ਇਸ ਲੇਖ ਨੂੰ ਮਾਸਕ ਵਰਿਆਮ 'ਚ ਛਾਪ ਕੇ ਮੇਰੀ ਇਹ ਇੱਛਾ ਪੂਰੀ ਕੀਤੀ ਹੈ।*

**-ਦਿਲਬਾਗ ਸਿੰਘ ਬਾਗਾ, ਪਿੰਡ ਬੈਨਾਪੁਰ, ਡਾਕਖਾਨਾ ਪੱਬਵਾਂ (ਜਲੰਧਰ)**

ਹਿਟਲਰ ਤੋਂ ਚੋਰੀ ਦਾ ਮਾਲ ਖਰੀਦਣ ਵਾਲੇ ਅਤੇ ਉਸ ਨੂੰ ਗੁਪਤ ਰੂਪ 'ਚ ਪੈਸਾ ਦੇਣ ਵਾਲੇ ਕੌਣ ਸਨ ? ਸਵਿਟਜ਼ਰਲੈਂਡ ਦੇ ਪ੍ਰਸਿੱਧ ਬੁੱਧੀਜੀਵੀ ਜੀਨ ਜ਼ੀਗਲਰ ਨੂੰ ਇਸ ਵਿਚ ਕੋਈ ਸ਼ੱਕ ਨਹੀਂ ਕਿ ਉਹ ਸਵਿਟਜ਼ਰਲੈਂਡ ਦੇ ਬੈਂਕ ਹੀ ਸਨ। ਆਪਣੀਆਂ ਸੇਵਾਵਾਂ ਦੇ ਬਦਲੇ 'ਚ ਹਿਟਲਰ ਨੇ ਸਵਿਟਜ਼ਰਲੈਂਡ ਨੂੰ 'ਸਸਤੀ ਆਜ਼ਾਦੀ' ਦੀ ਪੇਸ਼ਕਸ਼ ਕੀਤੀ। ਜ਼ੀਗਲਰ ਸਵਿਸ ਬੈਂਕਾਂ ਨੂੰ ਜ਼ਿਊਰਿਕ, ਬਸੇਲ ਅਤੇ ਬਰਨ ਦੇ ਗਿੱਠ-ਮੁੱਠੀਏ (Gnomes) ਕਹਿੰਦਾ ਹੈ ਅਤੇ ਫੇਰ ਸਵਾਲ ਪੁੱਛਦਾ ਹੈ "ਗਿੱਠ ਮੁਠੀਏ ਅਸਲ 'ਚ ਕੌਣ ਹੁੰਦੇ ਹਨ ?" ਸ਼ਬਦਕੋਸ਼ ਦੀ ਪ੍ਰੀਭਾਸ਼ਾ ਕਹਿੰਦੀ ਹੈ—"ਬੌਣੇ ਕਾਲਪਨਿਕ ਜੀਵ, ਜਿਹੜੇ ਧਰਤੀ ਦੇ ਹੇਠਾਂ ਇਸ ਦੇ ਖ਼ਜ਼ਾਨਿਆਂ ਦੀ ਰਾਖੀ ਕਰਦੇ ਦੱਸੇ ਜਾਂਦੇ ਹਨ।" ਜ਼ੀਗਲਰ ਬੇਬਾਕ ਹੋ ਕੇ ਕਹਿੰਦਾ ਹੈ, "ਸਵਿਸ ਗਿੱਠ-ਮੁੱਠੀਆਂ ਨੇ ਇਹ ਯਕੀਨੀ ਬਣਾਇਆ ਕਿ ਉਨ੍ਹਾਂ ਦੀਆਂ ਬੈਂਕਾਂ ਦੀਆਂ ਤਜੌਰੀਆਂ ਇਕ ਸੀਵਰੇਜ ਪ੍ਰਣਾਲੀ ਬਣ ਜਾਣ 'ਚ ਜਿਸ 'ਚ ਸਾਰੀ ਦੁਨੀਆ 'ਚੋਂ ਨੀਚ ਧਨ ਦੌਲਤ ਦੀਆਂ ਨਦੀਆਂ ਡਿਗਣ।"



ਜੀਨ ਜ਼ੀਗਲਰ ਨੇ ਲਗਭਗ ਨੰਗੇ ਧੜ ਜਨੇਵਾ ਦੀ ਯੂਨੀਵਰਸਿਟੀ 'ਚ ਪ੍ਰੋਫੈਸਰ ਦੇ ਅਹੁਦੇ ਤੇ ਰਹਿੰਦਿਆਂ ਅਤੇ ਬਾਅਦ ਵਿਚ ਕਈ ਵਾਰ ਪਾਰਲੀਮੈਂਟ ਦਾ ਮੈਂਬਰ ਚੁਣੇ ਜਾਣ ਤੇ ਸਵਿਸ ਬੈਂਕਾਂ ਅਤੇ ਸਵਿਸ ਸਰਕਾਰ ਨੂੰ ਬੇਨਕਾਬ ਕਰਨ ਲਈ ਲੜਾਈ ਲੜੀ ਹੈ। ਸਵਿਟਜ਼ਰਲੈਂਡ 'ਚ ਕਾਨੂੰਨ ਬੈਂਕ 'ਚ ਭੇਤ ਰੱਖਣ ਦੀ ਰਾਖੀ ਕਰਦਾ ਹੈ, ਜਿਸ ਨੂੰ ਦੁਨੀਆ ਦੇ ਕਿਸੇ ਹੋਰ ਹਿੱਸੇ 'ਚ ਫੌਜਦਾਰੀ ਅਪਰਾਧ ਮੰਨਿਆ ਜਾਂਦਾ ਹੈ। ਜ਼ੀਗਲਰ ਵਿਰੁੱਧ ਸਵਿਸ ਬੈਂਕਾਂ ਦੇ ਹਿੱਸੇਦਾਰਾਂ ਅਤੇ ਸਵਿਸ ਸਰਕਾਰ ਦੇ ਹੋਰ ਸ਼ਕਤੀਸ਼ਾਲੀ ਧੜਿਆਂ ਨੇ ਅਦਾਲਤਾ ਵਿਚ ਮੁਕਦਮੇ ਦਾਇਰ ਕੀਤੇ ਹੋਏ ਹਨ। ਚੱਲ ਰਹੀ ਕਾਨੂੰਨੀ ਪ੍ਰੇਸ਼ਾਨੀ ਦੇ ਹਿੱਸੇ ਵਜੋਂ ਉਸ ਦੀ ਕਾਰ ਖੋਹ ਲਈ ਗਈ ਅਤੇ ਉਸਦੀ ਤਨਖਾਹ 'ਚ ੬੨ ਫੀਸਦੀ ਕਟੌਤੀ ਕਰ ਦਿੱਤੀ ਸੀ। ਉਹ ਕਹਿੰਦਾ ਹੈ—"ਆਖਰ 'ਚ ਮੈਂ ਮੁਕੱਦਮੇ ਜਿੱਤ ਜਾਵਾਂਗਾ, ਪਰ ਮੇਰੇ ਵਿਰੋਧੀਆਂ ਨੂੰ ਆਸ ਹੈ ਕਿ ਅਦਾਲਤੀ ਮੁਕੱਦਮਿਆਂ ਦਾ ਖਰਚ ਮੈਨੂੰ ਆਰਥਿਕ ਤੌਰ ਤੇ ਤਬਾਹ ਕਰ ਦੇਵੇਗਾ ਅਤੇ ਮੈਨੂੰ ਆਪਣਾ ਸੰਘਰਸ਼ ਛੱਡਣ ਲਈ ਮਜਬੂਰ ਕਰ ਦੇਵੇਗਾ।"

ਮੈਂ ਪਿਛਲੇ ਸਾਲ ਮਈ ਮਹੀਨੇ 'ਚ ਜ਼ੀਗਲਰ ਨੂੰ ਉਸ ਦੇ ਯੂਨੀਵਰਸਿਟੀ ਦਫ਼ਤਰ 'ਚ ਸਵੇਰੇ ੯.੩੦ ਵਜੇ ਮਿਲਣ ਲਈ ਗਿਆ ਸੀ। ਪਰ ਉਹ ਅੱਧਾ ਘੰਟਾ ਲੇਟ ਪਹੁੰਚਿਆ ਅਤੇ ਬਾਰ ਬਾਰ ਮੁਆਫੀ ਮੰਗੀ। ਸਵਿਸ ਸੰਸਾਰ ਦੇ ਟਾਈਮ ਕੀਪਰਾਂ ਵਜੋਂ ਮਸ਼ਹੂਰ ਹਨ। ਪਰ ਜੀਨ ਜ਼ੀਗਲਰ ਉਨ੍ਹਾਂ ਵਿਚੋਂ ਨਹੀਂ ਸੀ। ਉਸ ਨੇ ਤਜਵੀਜ਼ ਦਿੱਤੀ ਕਿ ਅਸੀਂ ਨੇੜਲੀ ਚਾਹ ਦੀ ਦੁਕਾਨ ਤੇ ਬੈਠ ਕੇ ਗੱਲਬਾਤ ਕਰੀਏ। ਮੈਂ ਹੈਰਾਨ ਹੁੰਦਿਆਂ ਸੋਚਿਆ ਕਿ ਸ਼ਾਇਦ ਉਸ ਨੂੰ ਆਪਣੇ ਦਫ਼ਤਰ 'ਚ ਜਾਸੂਸੀ ਕੀਤੇ ਜਾਣ ਦਾ ਡਰ ਹੋਵੇ। ਪਰ ਇਹ ਗੱਲ ਨਹੀਂ ਸੀ। ਉਸ ਨੂੰ ਬਹੁਤ ਭੁੱਖ ਲੱਗੀ ਹੋਈ ਸੀ। ਉਸ ਨੇ ਨਾਸ਼ਤਾ ਨਹੀਂ ਸੀ ਕੀਤਾ ਅਤੇ ਉਹ ਕੁਝ ਖਾਣਾ ਅਤੇ ਚਾਹ ਦਾ ਕੱਪ ਪੀਣਾ ਚਾਹੁੰਦਾ ਸੀ। ਅਸੀਂ ਕਾਰਲ ਵੋਗਟ ਦੀ ਛਾਂਦਾਰ ਖੁੱਲ੍ਹੀ ਗਲੀ 'ਚ ਯੂਨੀਵਰਸਿਟੀ ਦੀ ਨਵੀਂ ਭੂਰੇ ਚਿੱਟੇ ਰੰਗ ਦੀ ਇਮਾਰਤ ਵਿਚੋਂ ਨਿਕਲ ਕੇ ਦੂਜੇ ਪਾਸੇ ਬਣੇ ਇਕ ਰੈਸਟੋਰੈਂਟ ਵਿਚ ਗਏ।

ਜ਼ੀਗਲਰ ਨੇ ਆਪਣੀ ਕਹਾਣੀ ਸੁਣਾਉਂਦਿਆਂ ਕੋਈ ਸਮਾਂ ਖਰਾਬ ਨਹੀਂ ਕੀਤਾ। ਇਹ ਉਸ ਲਈ ਦੂਜੀ ਕੁਦਰਤ



Sri Satguru Jagjit Singh Ji eLibrary NamdhariElibrary@gmail.com

ਸੀ। ਉਹ ਬੈਂਕਾਂ ਅਤੇ ਵਿਤੀ ਤੌਰ ਤੇ ਦੇਸ਼ ਭਗਤ ਨਾਗਰਿਕਾਂ ਨੂੰ ਗੁੱਸੇ ਕਰਕੇ ਕਈ ਸਾਲਾਂ ਤੋਂ ਇਹ ਕੰਮ ਕਰ ਰਿਹਾ ਹੈ। ਉਸ ਨੇ ਕਿਹਾ 'ਸਵਿਟਜ਼ਰਲੈਂਡ ਸਭ ਤੋਂ ਅਮੀਰ ਦੇਸ਼ ਹੈ, ਪ੍ਰਤੀ ਜੀਅ ਆਮਦਨ ਦੇ ਹਿਸਾਬ ਜਿਹੜੀ ੪੨੦੦੦ ਡਾਲਰ ਬਣਦੀ ਹੈ। ਦੁਨੀਆ 'ਚ ਇਸ ਦੀ ਕਰੰਸੀ ਦੂਜੇ ਨੰਬਰ ਤੇ ਸਭ ਤੋਂ ਮਜ਼ਬੂਤ ਕਰੰਸੀ ਹੈ। ਪਰ ਇਸ ਦੇਸ਼ ਕੋਲ ਕੋਈ ਕੁਦਰਤੀ ਸਾਧਨ ਨਹੀਂ ਹਨ। ਇਸ ਦਾ ਇਕੋ ਇਕ ਸਾਧਨ ਬਿਦੇਸ਼ੀ ਧੰਨ ਹੈ, ਜਿਹੜਾ ਬਹੁਤਾ ਕਰਕੇ ਜ਼ਾਇਰੇ ਦੇ ਮਰਹੂਮ ਰਾਸ਼ਟਰਪਤੀ ਮੋਬੂਤੂ ਅਤੇ ਇੰਡੋਨੇਸ਼ੀਆ ਦੇ ਮਰਹੂਮ ਰਾਸ਼ਟਰਪਤੀ ਮਾਰਕੋਸ ਵਰਗੇ ਤਾਨਾਸ਼ਾਹਾਂ, ਨਸ਼ੀਲੇ ਪਦਾਰਥਾਂ ਦੇ ਸਮਗਲਰਾਂ, ਟੈਕਸ ਚੋਰਾਂ ਅਤੇ ਅਪਰਾਧੀਆਂ ਤੋਂ ਆਉਂਦਾ ਹੈ। ਮੈਨੂੰ ਤੁਹਾਨੂੰ ਬੋਫੋਰਜ਼ ਸੌਦੇ ਬਾਰੇ ਦੱਸਣ ਦੀ ਲੋੜ ਨਹੀਂ। ਬਹੁਤ ਸਾਰੇ ਤਾਨਾਸ਼ਾਹ ਆਪਣੇ ਦੇਸ਼ਾਂ 'ਚ ਗਰੀਬਾਂ ਦਾ ਖੂਨ ਚੂਸਦੇ ਹਨ ਅਤੇ ਪੈਸੇ ਨੂੰ ਸਵਿਸ ਬੈਂਕਾਂ 'ਚ ਖੁਫੀਆ ਤਰੀਕੇ ਜਮ੍ਹਾਂ ਕਰਾਉਂਦੇ ਹਨ।"

ਆਪਣੀ ਕਿਤਾਬ 'ਦੀ ਸਵਿਸ, ਦੀ ਗੋਲਡ ਐਂਡ ਦੀ ਡੈਡ' (ਪੈਂਗੁਅਨ ਬੁਕਸ, ੧੯੯੯) 'ਚ ਜ਼ੀਗਲਰ ਇਨਾਂ ਅਪਰਾਧਾਂ ਉੱਤੇ ਰੌਸ਼ਨੀ ਪਾਉਂਦਾ ਹੈ। ਧਰਤੀ ਤੇ ਵਸਦੇ ੫.੨ ਅਰਬ ਤੋਂ ਵੱਧ ਲੋਕਾਂ ਵਿਚੋਂ ੩.੮ ਅਰਬ ਤੋਂ ਵੱਧ ਲੋਕ 'ਵਿਕਾਸਸ਼ੀਲ' ਦੇਸ਼ਾਂ 'ਚ ਰਹਿੰਦੇ ਹਨ। ਸਵਿਸ ਬੈਂਕਾਂ ਦੀਆਂ ਤਜੌਰੀਆਂ 'ਚ ਗਰੀਬ ਦੇਸ਼ਾਂ ਤੋਂ ਬਹੁਤ ਧਨ ਜਮਾਂ ਹੁੰਦਾ ਹੈ, ਜਿਸ ਦਾ ਸੋਮਾ ਹਨ ਫੰਡਾਂ 'ਚ ਹੇਰਾ ਫੇਰੀ, ਭ੍ਰਿਸ਼ਟਾਚਾਰ ਦੀ ਕਮਾਈ ਅਤੇ ਕੁਝ ਬਹੁਤ ਹੀ ਗਰੀਬ ਦੇਸ਼ਾਂ 'ਚ ਤਾਨਾਸ਼ਾਹਾਂ ਦੀ ਲੁਟਮਾਰ। ਜ਼ਾਇਰੇ ਦੇ ਸਾਬਕਾ ਤਾਨਾਸ਼ਾਹ ਜੋਸਿਫ ਮੋਬੂਤੂ ਨੇ ਸਵਿਸ ਬੈਂਕਾਂ 'ਚ ੪ ਅਰਬ ਡਾਲਰ ਜਮਾਂ ਕੀਤੇ ਜਦੋਂ ਕਿ ਉਸ ਦੇ ਬਹੁਤੇ ਲੋਕ ਭੁਖਮਰੀ ਜਾਂ ਮਹਾਂਮਾਰੀਆਂ ਦਾ ਸ਼ਿਕਾਰ ਬਣੇ।

ਜੇਕਰ ਸਵਿਸ ਬੈਂਕਾਂ ਨਾ ਹੁੰਦੀਆਂ ਤਾਂ ਅਜਿਹੇ ਜਨਤਕ ਪੈਮਾਨੇ ਤੇ ਗਰੀਬਾਂ ਨੂੰ ਲੁਟਣਾ ਮੁਸ਼ਕਿਲ ਹੁੰਦਾ। ਜਦੋਂ ਮੈਂ ਇਸ ਗੱਲ ਦਾ ਜ਼ਿਕਰ ਆਪਣੇ ਇਕ ਹੋਰ ਸਵਿਸ ਮਿੱਤਰ ਕੋਲ ਕੀਤਾ, ਤਾਂ ਉਹ ਥੋੜ੍ਹਾ ਜਿਹਾ ਗੁੱਸੇ ਹੋ ਕੇ ਬੋਲਿਆ—"ਕੀ ਤੁਹਾਡੇ ਲੋਕ ਤੀਜੇ ਸੰਸਾਰ 'ਚ ਗਰੀਬਾਂ ਨੂੰ ਨਹੀਂ ਲੁੱਟ ਰਹੇ ?" ਮੈਂ ਮਹਿਸੂਸ ਕੀਤਾ ਕਿ ਜੀਨ ਜ਼ੀਗਲਰ ਨੇ ਆਪਣੇ ਬਹੁਤੇ ਵਿਰੋਧੀਆਂ ਦੀ ਆਤਮਾ ਨੂੰ ਝੰਜੋੜਿਆ ਹੈ। ਭਾਵੇਂ ਕਿ ਉਹ ਕੁਝ ਨਾ ਕਰਨਾ ਹੀ ਠੀਕ ਸਮਝਦੇ ਹਨ। ਮੈਂ ਜ਼ੀਗਲਰ ਨੂੰ ਪੁਛਿਆ ਕਿ ਕੀ ਸਵਿਟਜ਼ਰਲੈਂਡ 'ਤੇ ਭੇਤ ਗੁਪਤ ਰੱਖਣ ਦੇ ਕਾਨੂੰਨ ਬਦਲਣ ਲਈ ਕੌਮਾਂਤਰੀ ਦਬਾਅ ਹੈ। ਇਹਨਾਂ ਕਾਨੂੰਨਾਂ ਤਹਿਤ ਲੋਕ ਨੰਬਰੀ ਖਾਤਿਆਂ 'ਚ ਆਪਣਾ ਧੰਨ ਲੁਕਾ ਕੇ ਰੱਖਦੇ ਹਨ। ਉਸ ਨੇ ਕਿਹਾ 'ਸਵਿਟਜ਼ਰਲੈਂਡ ਨੇ 'ਨਿਰਪੱਖਤਾ' ਦੇ ਸੁੰਦਰ ਸੰਕਲਪ ਦੀ ਖੋਜ ਕੀਤੀ, ਜਿਹੜਾ ਸਵਿਸ ਬੈਂਕਾਂ ਦੀ ਰਾਖੀ ਕਰਦਾ ਹੈ। ਸਵਿਟਜ਼ਰਲੈਂਡ ਸੰਯੁਕਤ ਰਾਸ਼ਟਰ ਦਾ ਮੈਂਬਰ ਨਹੀਂ। ਇਹ ਯੂਰਪੀ ਕਮਿਸ਼ਨ ਦਾ ਵੀ ਮੈਂਬਰ ਨਹੀਂ। ੧੯੮੬ 'ਚ ੭੦ ਫੀਸਦੀ ਲੋਕਾਂ ਨੇ ਸੰਯੁਕਤ ਰਾਸ਼ਟਰ 'ਚ ਸ਼ਾਮਲ ਨਾ ਹੋਣ ਵਾਸਤੇ ਵੋਟ ਪਾਈ। ੧੯੯੨ 'ਚ ਲੋਕਾਂ ਨੇ ਯੂਰਪ ਨਾਲ ਇਕ ਕਸਟਮਜ਼ ਗਠਜੋੜ ਪ੍ਰਵਾਨ ਨਾ ਕਰਨ ਦੇ ਹਕ 'ਚ ਵੋਟ ਪਾਈ। ਇਸ ਨਾਲ ਬੈਂਕਾਂ ਨੂੰ ਆਪਣੇ ਨੰਬਰੀ ਖਾਤਿਆਂ ਅਤੇ ਭੇਤ ਗੁਪਤ ਰੱਖਣ ਦੇ ਕਾਨੂੰਨਾਂ ਤੇ ਮਨਮਰਜ਼ੀ ਨਾਲ ਚੱਲਣ ਦੀ ਖੁਲ ਮਿਲ ਜਾਂਦੀ ਹੈ। ਇਥੇ ਸਭ ਕੁਝ ਬਿਲਕੁਲ ਕਾਨੂੰਨੀ ਹੈ। ਇਥੇ ਸੰਯੁਕਤ ਰਾਸ਼ਟਰ ਦੇ ਕਿਸੇ ਕਾਨੂੰਨ ਨੂੰ ਲਾਗੂ ਨਹੀਂ ਕੀਤਾ ਜਾ ਸਕਦਾ। ਮਿਸਾਲ ਲਈ ਫਰਾਂਸ 'ਚ ਹੁਣ ਲਾਗੂ ਬਹੁਤੇ ਕਾਨੂੰਨ ਯੂਰਪੀਨ ਪਾਰਲੀਮੈਂਟ ਵਲੋਂ ਪਾਸ ਕੀਤੇ ਗਏ ਕਾਨੂੰਨ ਹਨ। ਉਥੇ ਟੈਕਸ ਚੋਰੀ ਵਿਰੁੱਧ ਕਾਨੂੰਨਾਂ ਸਮੇਤ ਸਾਂਝੇ ਵਿਤੀ ਕਾਨੂੰਨ ਹਨ। ਸਵਿਟਜ਼ਰਲੈਂਡ ਨੇ ਇਹ ਸਾਰਾ ਕੁਝ ਪ੍ਰਵਾਨ ਕਰਨ ਤੋਂ ਇਨਕਾਰ ਕੀਤਾ ਹੈ। ਇਸ ਦੇਸ਼ 'ਚ ਤੁਸੀਂ ਜਿੰਨਾ ਮਰਜ਼ੀ ਧੰਨ ਜਮਾਂ ਕਰ ਲਉ ਅਤੇ ਜਿੰਨਾ ਮਰਜ਼ੀ ਕਢਵਾ ਕੇ ਲੈ ਜਾਉ ਕੋਈ ਸਵਾਲ ਨਹੀਂ ਪੁਛਿਆ ਜਾਂਦਾ। ਤੁਸੀਂ ਹੈਰਾਨ ਹੋਵੋਗੇ, ਸਵਿਟਜ਼ਰਲੈਂਡ 'ਚ ਟੈਕਸ ਘਪਲੇਬਾਜੀ ਇਕ ਅਪਰਾਧ ਨਹੀਂ। ਇਹ ਇਕ ਪ੍ਰਸ਼ਾਸਨੀ ਮਾਮਲਾ ਹੈ।"

ਮੈਂ ਜ਼ੀਗਲਰ ਨੂੰ ਪੁੱਛਿਆ ਕਿ ਇਕ ਬਿਦੇਸ਼ੀ ਕਿਸ ਤਰ੍ਹਾਂ ਆਪਣੇ ਪੈਸੇ ਨੂੰ ਸਵਿਟਜ਼ਰਲੈਂਡ 'ਚ ਪੁਜਦਾ ਕਰਦਾ ਹੈ। ਕੀ ਉਸ ਨੂੰ ਜ਼ਾਤੀ ਤੌਰ ਤੇ ਧੰਨ ਲੈ ਕੇ ਦੇਸ਼ 'ਚ ਆਉਣਾ ਪੈਂਦਾ ਹੈ। ਉਸਨੇ ਕਿਹਾ "ਨਹੀਂ, ਬਿਲਕੁਲ ਨਹੀਂ। ਮਿਸਾਲ ਲਈ ਤੁਸੀਂ ਪਨਾਮਾ 'ਚ ਕਰੈਡਿਨ ਸੁਈਸੇ ਦੇ ਦਫ਼ਤਰ 'ਚ ਜਾਓ ਅਤੇ ਕਹੋ, "ਮੇਰੇ ਕੋਲ ਗਿਆਨਾ 'ਚ ੫ ਕਰੋੜ ਡਾਲਰ ਹਨ (ਜਾਂ ਸੋਨਾ ਹੈ ਜਾਂ ਜਾਇਦਾਦ ਹੈ) ਮੈਂ ਜ਼ਿਊਰਿਖ 'ਚ ਖਾਤਾ ਖੋਹਲਣਾ ਚਾਹੁੰਦਾ ਹਾਂ।" ਬੈਂਕ ਕਹਿੰਦੀ ਹੈ 'ਕੋਈ ਸਮੱਸਿਆ ਨਹੀਂ।' ਉਹ ਜਾਅਲੀ ਕੰਪਨੀਆਂ ਅਤੇ ਸਭਾਵਾਂ ਬਣਾਉਂਦੇ ਹਨ ਅਤੇ ਇਕ ਦਿਨ ਤੁਹਾਨੂੰ ਇਕ ਦਸਤਾਵੇਜ਼ ਤੇ ਦਸਖਤ ਕਰਨ ਲਈ ਸਦਿਆ ਜਾਂਦਾ ਹੈ ਜਿਸ 'ਚ ਕਿਹਾ ਜਾਂਦਾ ਹੈ ਕਿ ਤੁਹਾਡਾ ਜ਼ਿਊਰਿਖ 'ਚ ਨੰਬਰੀ ਖਾਤਾ ਖੁਲ ਗਿਆ ਹੈ। ਇਥੇ ਦੋ ਗੱਲਾਂ ਹਨ ਜਿਹੜੀਆਂ ਬਹੁਤ ਹੀ ਬੇਹੂਦਾ ਹਨ। ਪਹਿਲੀ ਹੈ ਬੈਂਕਿੰਗ ਪ੍ਰਣਾਲੀ ਦੀ ਭੰਨ ਤੋੜ, ਅਪਰਾਧੀਆਂ ਨੂੰ ਸਵਿਸ ਬੈਂਕਾਂ 'ਚ ਧੰਨ ਜਮਾਂ ਕਰਨ ਦੀ ਆਗਿਆ ਦੇਣਾ। ਦੂਜੀ ਹੈ ਸਵਿਟਜ਼ਰਲੈਂਡ ਦੇ ਕਲਵੀਨਿਸਟ ਬੈਂਕਰਾਂ ਦਾ ਪਾਖੰਡ, ਜਿਹੜੇ ਸਵਿਸ ਰੈਡ ਕਰਾਸ ਦੇ ਮਾਨਵਵਾਦੀ ਕੰਮ ਦੀ ਗੱਲ ਕਰਕੇ ਨੈਤਿਕ ਇਮਾਨਦਾਰੀ ਦਾ ਦਿਖਾਵਾ ਕਰਦੇ ਹਨ।"


Sri Satguru Jagjit Singh Ji eLibrary NamdhariElibrary@gmail.com

ਉਸ ਵਿਰੁੱਧ ਦਾਇਰ ਅਦਾਲਤੀ ਮੁਕਦਮਿਆਂ ਵਿਚੋਂ ਇਕ ਸਵਿਟਜ਼ਰਲੈਂਡ ਦੀ ਯੂਨਾਈਟਿਡ ਬੈਂਕ (ਯੂ.ਬੀ.ਐਸ) ਦੇ ੧੭ ਹਿਸੇਦਾਰਾਂ ਵਲੋਂ ਦਾਇਰ ਹੈ। ਯੂ.ਬੀ.ਐਸ. ਸਵਿਟਜ਼ਰਲੈਂਡ ਦੀ ਸਭ ਤੋਂ ਵੱਡੀ ਬੈਂਕ ਹੈ ਅਤੇ ਸੰਸਾਰ ਦੀ ਦੂਜੀ ਸਭ ਤੋਂ ਵੱਡੀ ਬੈਂਕ। ੫੦ ਸਾਲਾਂ ਤੱਕ ਯੂ.ਬੀ.ਐਸ. ਨੇ ਹਿਟਲਰ ਵਲੋਂ ਕਤਲ ਕੀਤੇ ਗਏ ਯਹੂਦੀਆਂ ਦਾ ਪੈਸਾ ਦਬੀ ਰੱਖਿਆ। ਨਾਜ਼ੀ ਕੈਂਪਾਂ 'ਚ ੬੦ ਲੱਖ ਯਹੂਦੀ ਕਤਲ ਕੀਤੇ ਗਏ ਸਨ। ਉਨ੍ਹਾਂ ਵਿਚੋਂ ਕੁਝ ਯਹੂਦੀਆਂ ਨੇ ਇਸ ਆਸ ਨਾਲ ਆਪਣਾ ਧੰਨ ਸਵਿਸ ਬੈਂਕਾਂ 'ਚ ਜਮ੍ਹਾਂ ਕਰਾ ਦਿੱਤਾ ਸੀ ਕਿ ਜੇਕਰ ਉਹ ਬਚ ਗਏ ਤਾਂ ਉਨ੍ਹਾਂ ਕੋਲ ਗੁਜ਼ਾਰੇ ਲਈ ਕੁਝ ਬਚ ਜਾਵੇਗਾ। ਕਈ ਸਾਲਾਂ ਬਾਅਦ ਜਿਊਂਦੇ ਬਚੇ ਯਹੂਦੀਆਂ, ਤੇ ਖਾਸ ਕਰਕੇ ਨਾਜ਼ੀ ਕੈਂਪਾਂ 'ਚ ਜੇਲਾਂ ਕੱਟਣ ਵਾਲਿਆਂ ਨੇ ਸਵਿਸ ਬੈਂਕਾਂ 'ਚ ਆਪਣੇ ਮਾਪਿਆਂ ਵਲੋਂ ਜਮਾਂ ਕੀਤੀਆਂ ਰਕਮਾਂ ਜਾਇਦਾਦਾਂ ਉੱਤੇ ਆਪਣਾ ਹੱਕ ਜਮਾਇਆ। ਰਕਮਾਂ ਨੂੰ ਵਾਪਸ ਨਾ ਕਰਨ ਦਾ ਇਰਾਦਾ ਰੱਖਦੀਆਂ ਬੈਂਕਾਂ ਨੇ ਉਨ੍ਹਾਂ ਦੇ ਮਰੇ ਹੋਏ ਮਾਪਿਆਂ ਦੇ ਮੌਤ ਸਰਟੀਫਿਕੇਟ ਪੇਸ਼ ਕਰਨ ਦੀਆਂ ਅਸੰਭਵ ਮੰਗਾਂ ਰੱਖ ਕੇ ਇਨਾਂ ਯਤਨਾਂ ਦੇ ਰਾਹ 'ਚ ਅੜਿਕੇ ਪੈਦਾ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ। ਇਹ ਸਿਰੇ ਦੀ ਬੇਇੱਜ਼ਤੀ ਸੀ, ਕਿਉਂਕਿ ਹਰ ਕੋਈ ਜਾਣਦਾ ਹੈ ਕਿ ਅਉਸਚਵਿਜ਼ ਵਰਗੇ ਥਾਵਾਂ ਤੇ ਨਾਜ਼ੀਆਂ ਨੇ ਮੌਤ ਦੇ ਸਰਟੀਫਿਕੇਟ ਨਹੀਂ ਜਾਰੀ ਕੀਤੇ।

ਜ਼ੀਗਲਰ ਨੇ ਅਮਰੀਕਾ 'ਚ ਰਹਿੰਦੇ ਗਰੀਬ ਯਹੂਦੀਆਂ ਦੀਆਂ ਕਈ ਸਾਰੀਆਂ ਉਦਾਹਰਣਾਂ ਦਿੱਤੀਆਂ ਜਿਨਾਂ ਨੇ ਆਪਣੇ ਪੈਸੇ ਬਾਰੇ ਦਾਅਵੇ ਕੀਤੇ। ਬਰੂਕਲਿਨ 'ਚ ਰਹਿੰਦਾ ਇਕ ਬਜ਼ੁਰਗ ਆਦਮੀ ਜੈਕਬ ਫਰੈਡਮੈਨ ਇਕ ਅਜਿਹਾ ਵਿਅਕਤੀ ਸੀ। ਉਸ ਨੇ ਆਪਣਾ ਬਚਪਨ ਅਤੇ ਜਵਾਨੀ ਰੁਮਾਨੀਆ 'ਚ ਗੁਜ਼ਾਰੀ, ਜਿਥੇ ਉਸਦਾ ਪਿਓ ਇਕ ਤਕੜਾ ਖੁਸ਼ਹਾਲ ਵਪਾਰੀ ਸੀ। ਜਦੋਂ ਉਸ ਦੇ ਪਿਤਾ ਨੇ ਮਹਿਸੂਸ ਕਰ ਲਿਆ ਕਿ ਹਾਲਾਤ ਬਹੁਤ ਖਰਾਬ ਹੁੰਦੇ ਜਾ ਰਹੇ ਹਨ ਤਾਂ ਉਸ ਨੇ ਆਪਣੇ ੧੭ ਸਾਲ ਦੇ ਪੁੱਤਰ ਨੂੰ ਉਸ ਦੇ ਓਵਰਕੋਟ 'ਚ ਸੋਨਾ ਸਿਊਂ ਕੇ ਜ਼ਿਊਰਿਖ ਭੇਜ ਦਿੱਤਾ। ਜੈਕਬ ਨੇ ਸਵਿਟਜ਼ਰਲੈਂਡ ਦੀਆਂ ਬੈਂਕਾਂ 'ਚ ੭ ਵਾਰ ਅਜਿਹੇ ਫੇਰੇ ਲਾਏ ਅਤੇ ੨,੦੦,੦੦੦ ਸਵਿਸ ਫਰਾਂਕ ਦੇ ਮੁੱਲ ਦੀ ਜਾਇਦਾਦ ਜਮਾਂ ਕਰਾਈ। ਫੇਰ ੧੯੪੪ 'ਚ ਜਦੋਂ ਜੈਕਬ ਬੁਡਾਪੈਸਟ ਦੇ ਦੌਰੇ ਤੇ ਗਿਆ ਹੋਇਆ ਸੀ ਤਾਂ ਉਸ ਦੇ ਜੱਦੀ ਕਸਬੇ ਸਤੂ-ਮਰੇ 'ਚ ਰਹਿੰਦੇ ਸਾਰੇ ਯਹੂਦੀ ਗ੍ਰਿਫਤਾਰ ਕਰ ਲਏ ਗਏ ਅਤੇ ਗੱਡਿਆਂ 'ਚ ਲੱਦਕੇ ਦੇਸ਼ 'ਚੋਂ ਬਾਹਰ ਕੱਢ ਦਿੱਤੇ ਗਏ। ਜੈਕਬ ਦੇ ਮਾਤਾ ਪਿਤਾ ਅਤੇ ਉਸ ਦੇ ਸਤ ਭੈਣ ਭਰਾ ਅਉਸਚਵਿਜ਼ ਦੇ ਗੈਸ ਚੈਂਬਰਾਂ 'ਚ ਕਤਲ ਕਰ ਦਿੱਤੇ ਗਏ। ਜੈਕਬ ਵਲੋਂ ਕੀਤੇ ਗਏ ਬਾਰ ਬਾਰ ਯਤਨਾਂ ਦੇ ਬਾਵਜੂਦ ਜ਼ਿਊਰਿਖ ਦੇ ਗਿੱਠ ਮੁਠੀਆਂ ਨੇ ਪੈਸੇ ਮੋੜਨ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਉਸ ਨੂੰ ਕਿਹਾ ਕਿ ਉਹ ਇਹ ਸਾਬਤ ਕਰੇ ਕਿ ਉਹ ਉਨ੍ਹਾਂ ਦਾ ਇਕਲੌਤਾ ਵਾਰਸ ਹੈ ਅਤੇ ਆਪਣੇ ਮਾਪਿਆਂ, ਭੈਣ ਭਰਾਵਾਂ ਦਾ ਮੌਤ ਸਰਟੀਫਿਕੇਟ ਪੇਸ਼ ਕਰੇ। ਜੈਕਬ ਖਾਲੀ ਹੱਥ ਬਰੂਕਲੈਂਡ ਮੁੜ ਆਇਆ।

ਜੈਕਬ ਦਾ ਮਾਮਲਾ ਹਜ਼ਾਰਾਂ ਵਿਚੋਂ ਇਕ ਸੀ। ਸਵਿਸ ਬੈਂਕਾਂ ਨੇ ਦੋ ਧਾਰੀ ਖੇਡ ਖੇਡੀ ਅਤੇ ਦੋਹਾਂ ਪਾਸਿਆਂ ਤੋਂ ਸ਼ਿਕਾਰ ਮਾਰੇ। ਇਕ ਨਾਜ਼ੀਆਂ ਦੀ ਲੁਟਮਾਰ ਨੂੰ ਆਪਣੀਆਂ ਤਿਜੌਰੀਆਂ 'ਚ ਰੱਖਕੇ ਅਤੇ ਦੂਜੇ ਯਹੂਦੀਆਂ ਦੀ ਬਚੀ ਹੋਈ ਪੀੜੀ ਨੂੰ ਉਨ੍ਹਾਂ ਦੇ ਹੱਕੀ ਵਿਰਸੇ ਤੋਂ ਵਾਂਝਾ ਕਰਨਾ ਲਈ ਭੇਤ ਗੁਪਤ ਰੱਖਣ ਦੇ ਕਾਨੂੰਨਾਂ ਦੀ ਵਰਤੋਂ ਕਰਕੇ। ਜਦੋਂ ਬੈਂਕਾਂ ਨੇ ਆਪਣੀ ਅੜੀ ਨਾ ਛੱਡੀ ਤਾਂ ਸੰਸਾਰ ਯਹੂਦੀ ਕਾਂਗਰਸ ਨੂੰ ਬਚੇ ਯਹੂਦੀਆਂ ਵਲੋਂ ਇਹ ਮਾਮਲਾ ਚੁੱਕਣ ਲਈ ਬੇਨਤੀ ਕੀਤੀ ਗਈ। ਮਾਮਲਾ ਅੱਗੇ ਵਧਦਾ ਗਿਆ ਅਤੇ ਜੀਨ ਜ਼ੀਗਲਰ ਨੂੰ ਅਮਰੀਕੀ ਸੈਨੇਟ ਦੀ ਬੈਂਕਿੰਗ ਕਮੇਟੀ ਅੱਗੇ ਗਵਾਹੀ ਲਈ ਪੇਸ਼ ਹੋਣ ਲਈ ਕਿਹਾ ਗਿਆ ਅਤੇ ਉਸਦੀ ਗਵਾਹੀ ਸਵਿਸ ਬੈਂਕਾਂ ਦੇ ਵਿਰੁੱਧ ਗਈ। ਇਸੇ ਕਰਕੇ ੩੦ ਸਤੰਬਰ ੧੯੯੮ ਨੂੰ ਸਵਿਸ ਸੰਘੀ ਇਸਤਗਾਸਾ ਦਫਤਰ ਨੇ ਜ਼ੀਗਲਰ ਨੂੰ ਦੱਸ ਦਿੱਤਾ ਕਿ ਉਸ ਵਿਰੁੱਧ ਸਵਿਟਜ਼ਰਲੈਂਡ ਦੀ ਆਜ਼ਾਦੀ ਨੂੰ ਖਤਰੇ 'ਚ ਪਾਉਣ ਲਈ ਅਤੇ ਸਵਿਟਜ਼ਰਲੈਂਡ ਦੀ ਸੁਰਖਿਆ ਵਿਰੁੱਧ ਕੰਮ ਕਰਨ ਵਾਲੀਆਂ ਬਿਦੇਸ਼ੀ ਸੰਸਥਾਵਾਂ ਦਾ ਹੌਸਲਾ ਵਧਾਉਣ ਲਈ ਗਦਾਰੀ ਦੇ ਦੋਸ਼ ਲਾਏ ਗਏ ਹਨ। ਉਸ ਵਿਰੁੱਧ ਗਦਾਰੀ ਦੇ ਦੋਸ਼ ਲਾਉਣ ਵਾਲੇ ਬਹੁਤ ਸਾਰੇ ਧਨਾਢ, ਸ਼ਾਹੂਕਾਰ, ਵਕੀਲ ਅਤੇ ਅਤਿ ਦੇ ਸਜੇ ਪੱਖੀ ਸਿਆਸਤਦਾਨ ਯੂਨਾਈਟਿਡ ਬੈਂਕ ਆਫ ਸਵਿਟਜ਼ਰਲੈਂਡ ਦੇ ਹਿੱਸੇਦਾਰ ਹਨ।

੧੯੯੭ 'ਚ ਨਿਊਯਾਰਕ ਸ਼ਹਿਰ ਨੇ ੧ ਅਰਬ ਡਾਲਰ ਦਾ ਜਨਤਕ ਕਰਜ਼ਾ ਇਕੱਠਾ ਕਰਨ ਦੀ ਤਜਵੀਜ ਦੀ ਪੇਸ਼ਕਸ਼ ਕੀਤੀ। ਯੂਨੀਅਨ ਬੈਂਕ ਆਫ ਸਵਿਟਜ਼ਰਲੈਂਡ ਨੇ ਇਸ ਪੇਸ਼ਕਸ਼ ਲਈ ਆਪਣੀਆਂ ਸੇਵਾਵਾਂ ਪੇਸ਼ ਕੀਤੀਆਂ। ਪਰ ਨਿਊਯਾਰਕ ਸ਼ਹਿਰ ਦੇ ਕੰਮਟਰੋਲਰ ਐਲਨ ਜੀ. ਹੇਵੇਸੀ ਨੇ ਇਸ ਅਧਾਰ ਤੇ ਬੈਂਕ ਦੀ ਯੋਗਤਾ ਰੱਦ ਕਰ ਦਿੱਤੀ ਕਿ ਬੈਂਕ ਨੇ ਕਾਨੂੰਨੀ ਪਾਬੰਦੀਆਂ ਦੇ ਬਾਵਜੂਦ ਨਾਜ਼ੀ ਦੌਰ 'ਚ ਯਹੂਦੀਆਂ ਦੀਆਂ ਜਾਇਦਾਦਾਂ ਜ਼ਬਤ ਕੀਤੇ ਜਾਣ ਸੰਬੰਧੀ ਦਸਤਾਵੇਜ ਨਸ਼ਟ ਕੀਤੇ ਹਨ। ਹੇਵੇਸੀ ਨੇ ਯੂਨੀਅਨ ਬੈਂਕ ਆਫ ਸਵਿਟਜ਼ਰਲੈਂਡ 'ਚ ਇਕ ਸੁਰਖਿਆ ਮੁਲਾਜ਼ਮ ਕਰਿਸਟੋਫ


Sri Satguru Jagjit Singh Ji eLibrary NamdhariElibrary@gmail.com

ਮੈਲੀ ਦੇ ਮਾਮਲੇ ਦੀ ਉਦਾਹਰਣ ਦਿੱਤੀ ਜਿਸ ਨੇ ਜਨਵਰੀ ੧੯੯੭ 'ਚ ਕੁਝ ਬਹੁਤ ਹੀ ਇਤਰਾਜ਼ਯੋਗ ਦਸਤਾਵੇਜਾਂ ਨੂੰ ਨਸ਼ਟ ਕੀਤੇ ਜਾਣ ਤੋਂ ਬਚਾਇਆ ਸੀ। ਮੈਲੀ ਵਿਰੁੱਧ ਬੈਂਕ ਦੇ ਭੇਤ ਗੁਪਤ ਰੱਖਣ ਦੇ ਨਿਯਮ ਦੀ ਉਲੰਘਣਾ ਦਾ ਦੋਸ਼ ਲਾਇਆ ਗਿਆ ਅਤੇ ਉਸ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ। ਉਸ ਨੂੰ ਟੈਲੀਫੂਨ ਤੇ ਧਮਕੀਆਂ ਦਿੱਤੀਆਂ ਗਈਆਂ ਕਿ ਉਸ ਦੇ ਪਰਿਵਾਰ ਦੇ ਮੈਂਬਰਾਂ ਦੇ ਜੀਵਨ ਨੂੰ ਖਤਰਾ ਹੈ। ਆਖਰ 'ਚ ਮੈਲੀ, ਉਸ ਦੀ ਪਤਨੀ ਅਤੇ ਦੋ ਬੱਚੇ ਦੌੜ ਕੇ ਅਮਰੀਕਾ ਆ ਗਏ ਜਿਥੇ ਰਾਸ਼ਟਰਪਤੀ ਬਿਲ ਕਲਿੰਟਨ ਨੇ ਇਕ ਵਿਸ਼ੇਸ਼ ਕਾਨੂੰਨ ਰਾਹੀਂ ਉਨ੍ਹਾਂ ਨੂੰ ਰਿਹਾਇਸ਼ੀ ਪ੍ਰਮਿਟ ਜਾਰੀ ਕਰ ਦਿੱਤਾ। ਯੂਨਾਈਟਿਡ ਬੈਂਕ ਆਫ ਸਵਿਟਜ਼ਰਲੈਂਡ (ਯੂ.ਬੀ.ਐਸ.) ਵਿਰੁੱਧ ਆਪਣੀਆਂ ਟਿੱਪਣੀਆਂ ਕਰਦਿਆਂ ਹੇਵੇਸੀ ਨੇ ਕਿਹਾ "ਯੂ.ਬੀ.ਸੀ. ਨੂੰ ਜਰੂਰ ਇਹ ਅਹਿਸਾਸ ਕਰਾਇਆ ਜਾਣਾ ਚਾਹੀਦਾ ਹੈ ਕਿ ਜੇਕਰ ਇਸ ਨੇ ਸੰਸਾਰਕ ਪੱਧਰ ਤੇ ਕੰਮ ਕਰਨਾ ਹੈ ਅਤੇ ਕਾਰੋਬਾਰ ਕਰਨਾ ਹੈ ਤਾਂ ਇਸ ਨੂੰ ਸੰਸਾਰ ਭਾਈਚਾਰੇ ਦੇ ਮਿਆਰਾਂ ਅਨੁਸਾਰ ਸਲੂਕ ਕਰਨਾ ਹੋਵੇਗਾ। ਅਗਲੀ ਸਦੀ ਦੇ ਦਹਾਨੇ ਤੇ ਕੌਮਾਂਤਰੀ ਪਿੜ 'ਚ ਨਸਲਵਾਦ ਅਤੇ ਯਹੂਦੀ ਵਿਰੋਧੀ ਵਿਚਾਰਾਂ ਲਈ ਕੋਈ ਥਾਂ ਨਹੀਂ ਹੈ।" ਹੇਵੇਸੀ ਨੇ ਬੈਂਕ ਦੇ ਆਨਰੇਰੀ ਪ੍ਰਧਾਨ ਰੌਬਰਟ ਹੋਲਜ਼ਾਚ ਦੀ ਇਹ ਕਹਿਣ ਲਈ ਸਖਤ ਆਲੋਚਨਾ ਕੀਤੀ ਕਿ ਦੂਜੀ ਜੰਗ 'ਚ ਕਤਲੇਆਮ ਨਾਲ ਸੰਬੰਧਤ ਕਰਵਾਈਆਂ ਯਹੂਦੀ ਸਾਜਿਸ਼ ਦਾ ਨਤੀਜਾ ਸਨ। ਐਲਨ ਜੀ. ਹੇਵੇਸੀ ਨੇ ਇਸ ਤੋਂ ਅੱਗੇ ਜਾ ਕੇ ਕਾਰਵਾਈ ਕੀਤੀ। ਨਿਊਯਾਰਕ ਸੂਬੇ ਦੇ ਕੰਮਟਰੋਲਰ ਦੀ ਸਹਾਇਤਾ ਨਾਲ ਉਸ ਨੇ ਇਕ ਕੁਲੀਸ਼ਨ ਬਣਾ ਲਈ ਜਿਸ ਨੇ ੭ ਵੱਡੀਆਂ ਸ੍ਵਿਸ ਬੈਂਕਾਂ ਵਿਰੁੱਧ ਆਰਥਿਕ ਪਾਬੰਦੀਆਂ ਲਾਉਣ ਦੀ ਵਿਆਪਕ ਯੋਜਨਾ ਤਿਆਰ ਕੀਤੀ। ਜਦੋਂ ਸਵਿਸ ਬੈਂਕਾਂ ਨੇ ਮਹਿਸੂਸ ਕਰ ਲਿਆ ਕਿ ਇਸ ਤੋਂ ਨਿਕਲਣ ਵਾਲੇ ਨਤੀਜੇ ਬਹੁਤ ਖਤਰਨਾਕ ਹੋਣਗੇ ਤਾਂ ਉਹ ਸਮਝੌਤੇ ਲਈ ਤਿਆਰ ਹੋ ਗਈਆਂ ਅਤੇ ਨਾਜ਼ੀ ਕੈਂਪਾਂ 'ਚ ਕਤਲ ਕੀਤੇ ਗਏ ਯਹੂਦੀਆਂ ਦੇ ਵਾਰਸਾਂ ਦੀ ੧.੨੫ ਅਰਬ ਦੀ ਰਕਮ ਅਦਾ ਕਰਨ ਲਈ ਸਹਿਮਤ ਹੋ ਗਈਆਂ। ਇਹ ਰਕਮ ਉਸ ਨਾਲੋਂ ਕਿਤੇ ਘਟ ਹੈ, ਜਿਸ ਦਾ ਦਾਅਵਾ ਕੀਤਾ ਗਿਆ ਸੀ। ਸਵਿਟਜ਼ਰਲੈਂਡ ਨੇ ਯਹੂਦੀਆਂ ਦੀ ਜਾਇਦਾਦ, ਸੋਨਾ, ਗਹਿਣੇ ਅਤੇ ਕਲਾ ਕਿਰਤਾਂ ਦਾ ਖਜ਼ਾਨਾ ਤਾਂ ਰੱਖ ਲਿਆ ਪਰ ਸ਼ਰਨ ਮੰਗਣ ਵਾਲਿਆਂ ਨੂੰ ਨਾਂਹ ਕਰ ਦਿੱਤੀ। ਬਹੁਤੇ ਮਾਮਲਿਆਂ 'ਚ ਸਵਿਟਜ਼ਰਲੈਂਡ ਦੀ ਸਰਹੱਦ ਤੋਂ ਵਾਪਸ ਮੋੜੇ ਗਏ ਯਹੂਦੀਆਂ ਨੂੰ ਤਸੀਹਾ ਕੈਂਪਾਂ 'ਚ ਭੇਜ ਦਿੱਤਾ ਗਿਆ ਅਤੇ ਕਤਲ ਕਰ ਦਿੱਤਾ ਗਿਆ। ਜ਼ੀਗਲਰ 'ਨਾਜ਼ੀ ਗੋਲਡ' ਨਾਂ ਦੀ ਦਸਤਾਵੇਜ਼ੀ ਫਿਲਮ ਦੀ ਗੱਲ ਕਰਦਾ ਹੈ ਜਿਹੜੀ ਬੀ.ਬੀ.ਸੀ. ਤੋਂ ਦਿਖਾਈ ਗਈ ਸੀ। ਇਸ ਫਿਲਮ 'ਚ ਉਹ ਰੇਲ ਗੱਡੀਆਂ ਦਿਖਾਈਆਂ ਗਈਆਂ ਹਨ ਜਿਹੜੀਆਂ ਇਟਲੀ ਤੋਂ ਚਲੀਆਂ ਤੇ ਪੂਰਬ 'ਚ ਸਥਿਤ ਮੌਤ ਦੇ ਕੈਂਪਾਂ 'ਚ ਲੋਕਾਂ ਨੂੰ ਪਹੁੰਚਾਉਣ ਲਈ ਸਵਿਟਜ਼ਰਲੈਂਡ ਵਿਚੋਂ ਦੀ ਹੋ ਕੇ ਲੰਘੀਆਂ। ਰਿਕਾਰਡ ਅਨੁਸਾਰ ਇਨਾਂ ਰੇਲ ਗੱਡੀਆਂ 'ਚ ਇਟਲੀ ਅਤੇ ਜਰਮਨੀ ਵਿਚਕਾਰ ਮਾਲ ਹੀ ਢੋਇਆ ਗਿਆ ਅਤੇ ਸ਼ਾਇਦ ਇਹ ਸੱਚ ਵੀ ਹੋਵੇ। ਪਰ ਜਿਸ ਬਾਰੇ ਕੁਝ ਨਹੀਂ ਪਤਾ ਲੱਗਾ ਉਹ ਉਹ ਰੇਲ ਗੱਡੀਆਂ ਹਨ ਜਿਹੜੀਆਂ ਯਹੂਦੀਆਂ ਨੂੰ ਤਸੀਹਾ ਕੈਂਪਾਂ 'ਚ ਲੈ ਕੇ ਗਈਆਂ। ਬੀ.ਬੀ.ਸੀ. ਫਿਲਮ 'ਚ ਇਕ ਇਸਤਰੀ ਯਾਦ ਕਰਦਿਆਂ ਦਸਦੀ ਹੈ ਕਿ ਕਿਵੇਂ ਜ਼ਿਊਰਿਖ 'ਚ ਯਹੂਦੀਆਂ ਨੇ ਰੇਲ ਗੱਡੀ 'ਚ ਸਵਾਰ ਇਟਲੀ ਤੋਂ ਬਾਹਰ ਕੱਢੇ ਗਏ ਲੋਕਾਂ ਨੂੰ ਪਾਣੀ ਪਿਲਾਉਣ ਦੀ ਕੋਸ਼ਿਸ਼ ਕੀਤੀ। ਡਰ ਬਲਿਕ (ਜ਼ਿਊਰਿਖ ਜੂਨ ੨੦, ੧੯੯੭) ਦੀ ਇਕ ਹੋਰ ਰਿਪੋਰਟ 'ਚ ਨਾਜ਼ੀ ਦੌਰ ਸਮੇਂ ਸਵਿਸ ਫੌਜੀ ਪੁਲਸ 'ਚ ਕੰਮ ਕਰਨ ਵਾਲੇ ੮੩ ਸਾਲਾ ਜੈਕਬ ਬਰਨਦੁਨ ਨੂੰ ਮੁੜ ਯਾਦ ਕਰਦਿਆਂ ਦਰਸਾਇਆ ਗਿਆ ਕਿ ਉਸ ਨੇ ਕਿਵੇਂ ਇਟਲੀ ਦੀਆਂ ਕੁੜੀਆਂ ਅਤੇ ਬਜ਼ੁਰਗਾਂ ਨਾਲ ਤੂੜੀ ਰੇਲ ਗੱਡੀ ਨੂੰ ਜਰਮਨ ਦੀ ਸਰਹਦ ਤੱਕ ਪਹੁੰਚਾਇਆ ਸੀ। ਬਰਨਦੁਨ ਨੇ ਕਿਹਾ 'ਇਕ ਥਾਂ ਅਚਾਨਕ ਰੇਲ ਗੱਡੀ ਰੁਕਣ ਤੇ ਭੁਖੇ ਇਟਲੀ ਵਾਸੀਆਂ ਨੂੰ ਇਕ ਕੈਨਰੀ ਨਜ਼ਰ ਪਈ ਜਿਥੇ ਵੱਡੀ ਮਾਤਰਾ 'ਚ ਖਾਣ ਪੀਣ ਵਾਲਾ ਸਮਾਨ ਜਮ੍ਹਾਂ ਸੀ। ਅਸੀਂ ਰਿਵਾਲਵਰ ਤਾਣ ਕੇ ਰੇਲ ਗੱਡੀ ਵਿਚੋਂ ਛਾਲਾਂ ਮਾਰ ਦਿੱਤੀਆਂ ਤਾਂ ਜੋ ਕੋਈ ਬਾਹਰ ਨਾ ਜਾ ਸਕੇ।" ਸਵਿਸ ਫੌਜੀ ਪੁਲਿਸ ਨੇ ਸਰਹਦ ਤੇ ਉਹ ਰੇਲ ਗੱਡੀ ਇਕ ਜਰਮਨ ਅਫਸਰ ਦੇ ਹਵਾਲੇ ਕਰ ਦਿੱਤੀ, ਜੈਕਬ ਬਰਨੇਦੁਨ ਨੇ ਰਿਪੋਰਟ ਕੀਤੀ ਕਿ ਉਹ ਅੱਜ ਤੱਕ ਆਪਣੀ ਕਰਤੂਤ ਤੇ ਸ਼ਰਮਿੰਦਾ ਹੈ।

ਸਵਿਟਜ਼ਰਲੈਂਡ 'ਚ ਉਹ ਕੁਝ ਲਈ ਹੀਰੋ ਹੈ ਪਰ ਬਹੁਤੇ ਲੋਕ ਉਸ ਨੂੰ ਇਸ ਲਈ ਨਫ਼ਰਤ ਕਰਦੇ ਹਨ ਕਿ ਉਸ ਦੀ ਦਲੇਰੀ ਸਵਿਟਜ਼ਰਲੈਂਡ ਦੇ ਆਰਥਿਕ ਹਿੱਤਾਂ ਨੂੰ ਨੁਕਸਾਨ ਪਹੁੰਚਾ ਸਕਦੀ ਹੈ। ਉਹ ਸੋਸ਼ਲਿਸਟ ਇੰਟਰਨੈਸ਼ਨਲ ਦੀ ਕਾਰਜਕਾਰਨੀ ਕਮੇਟੀ ਦਾ ਮੈਂਬਰ ਹੈ। ਉਸ ਦੀ ਬਹੁਤ ਸਾਰੇ ਸ਼ਕਤੀਸ਼ਾਲੀ ਰਾਸ਼ਟਰਪਤੀਆਂ ਅਤੇ ਪ੍ਰਧਾਨ ਮੰਤਰੀਆਂ ਨਾਲ ਮਿਤਰਤਾ ਹੈ। ਉਸ ਵਿਰੁੱਧ ਚਲਦੇ ਅਦਾਲਤੀ ਮੁਕਦਮਿਆਂ ਦੇ ਬਾਵਜੂਦ ਉਸ ਨੂੰ ਅਸਾਨੀ ਨਾਲ ਤੋੜਨਾ ਸੰਭਵ ਨਹੀਂ ਹੈ। ਉਸ ਦੀ ਲੜਾਈ ਸਵਿਸ ਬੈਂਕਾਂ ਨੂੰ ਬੇਨਕਾਬ ਕਰਨ ਤੱਕ ਹੀ ਸੀਮਤ ਨਹੀਂ ਹੈ। ਉਹ ਤੀਜੇ ਸੰਸਾਰ ਦੀ ਗਰੀਬੀ ਪ੍ਰਤੀ ਵੀ ਉਨਾ ਹੀ ਫਿਕਰਮੰਦ ਹੈ।


Sri Satguru Jagjit Singh Ji eLibrary NamdhariElibrary@gmail.com

https://archive.org/details/namdhari

## "ਅੱਖਰ ਰਿਸ਼ਤੇ ਰੂਹ ਦੇ"

*—ਨੀਲਮ ਸੰਜੀਵ*

ਤਿੰਨ ਅੱਖਰ ਲਗਦੇ ਇਸ਼ਕ ਨੂੰ, ਕੀ ਇਸ ਦਾ ਕਰਾਂ ਬਿਆਨ।
ਹਰ ਅੱਖਰ ਦੀ ਅੱਖ ਚੋਂ, ਦਿਸਦੇ ਦੋਏ ਜਹਾਨ।

ਅੱਖਰ ਰਾਖੇ ਧਰਮ ਦੇ, ਯੁੱਧ ਕਰਨ ਬਲਵਾਨ।
ਅੱਖਰ ਪਥਰ ਦਿਲਾਂ ਨੂੰ ਕਰ ਦੇਂਦੇ ਭਗਵਾਨ।

ਅੱਖਰ ਆਪਣੇ ਰੂਪ ਦੀ, ਆਪ ਬਣਨ ਪਹਿਚਾਨ।
ਅੱਖਰ ਮੇਰੀ ਜਿੰਦ ਨੇ, ਅਖਰ ਮੇਰੀ ਜਾਨ।

ਅੱਖਰ ਹਿੰਮਤ ਹੌਸਲਾ, ਏਦਾਂ ਦਾ ਵਰਤਾਨ।
ਜੋ ਜੀਵਨ ਜੋਬਨ ਵਾਰਕੇ ਰੱਜ ਰੱਜ ਇਸ਼ਕ ਹੰਡਾਨ।

ਅੱਖਰ ਜ਼ਾਮਨ ਹੁਸਨ ਦੇ, ਬਖਸ਼ਨ ਜੀਵਨ ਦਾਨ
ਰੂਪ ਜੀਹਨਾ ਦਾ ਵੇਖ ਕ ਤਾਰੇ ਵੀ ਸ਼ਰਮਾਨ

ਅੱਖਰ ਇਸ਼ਕ ਦੇ ਵਾਂਗਰਾ ਬੁਣਦੇ ਰਿਸ਼ਤੇਦਾਰ।
ਜੋ ਪਿਆਰ ਪੁਗਾਵਨ ਵਾਸਤੇ, ਜ਼ਿੰਦਗੀ ਦੇਂਦੇ ਵਾਰ।

ਅੱਖਰ ਸਾਥੀ ਪਿਆਰ ਦੇ, ਐਸੇ ਅਹੁਦੇਦਾਰ।
ਜੋ ਸਿਰ ਦੀ ਬਾਜ਼ੀ ਲਾਣ ਲਈ ਹਰ ਦਮ ਰਹਿਣ ਤਿਆਰ।

ਜੋ ਤੁਰਦੇ ਆਪਣੀ ਲਗਨ ਵਿਚ, ਉਹ ਮੁਕਾਂਦੇ ਪੰਧ।
ਉਹ ਅੱਖਰ ਨੀਲਮ ਪੂਜ ਨੀਕ, ਜੋ ਹਰ ਦਮ ਦੇਣ ਸੁਗੰਧ।

ਜੋ ਅੱਖਰ ਪ੍ਰੀਤਾ ਵੰਡਕੇ, ਦੇਂਦੇ ਨੇ ਪੈਗਾਮ।
ਨੀਲਮ ਮੇਰਾ ਉਹਨਾਂ ਨੂੰ ਲੱਖ ਲੱਖ ਹੈ ਪ੍ਰਨਾਮ॥

## ਗ਼ਜ਼ਲ

*—ਅਜੀਤ ਸਿੰਘ ਚੀਮਾ*

ਬੇਦਰਦਾਂ ਦੇ ਦਿਲ ਵੱਸ ਪਾ ਕੇ ਤੜਪਨ ਲੋਕ ਦੀਵਾਨੇ ਨੇ
ਕੱਚੀ ਤੰਦ ਦੇ ਵਾਂਗੂ ਟੁੱਟਦੇ ਵੇਖੇ ਕਈ ਯਰਾਨੇ ਨੇ

ਜਿਸ ਵੀ ਏਸ ਸਮਾਜ ਦੀਆਂ ਵੱਟਾਂ ਬੰਨੇ ਤੋੜੇ ਨੇ
ਬਹੁਤ ਚਿਰ ਉਹ ਜੀਅ ਨਹੀਂ ਸਕਿਆ, ਦਿੱਤਾ ਕੁਚਲ ਜ਼ਮਾਨੇ ਨੇ

ਅਤਿਵਾਦ ਦੇ ਢਾਕੇ ਚੜ੍ਹ ਕੇ, ਖਾਧੀ ਮਾਰ ਦਾਨਾਂਵਾਂ ਨੇ
ਹੱਸਦੇ ਵੱਸਦੇ ਰਸਦੇ ਸੁੰਦਰ, ਦਿੱਤੇ ਪੀੜ ਘਰਾਨੇ ਨੇ

ਭੈੜੇ ਭੂੰਡ ਪਿਛਾਂ ਮੁੜ ਆਉਂਦੇ, ਵੇਖ ਸ਼ਮਾ ਦੀਆਂ ਲਾਟਾਂ ਨੂੰ
ਜਾਨਾਂ ਵਾਰਨ ਭੱਜ ਭੱਜ ਆਉਂਦੇ, ਦੂਰੋਂ ਚੱਲ ਪ੍ਰਵਾਨੇ ਨੇ

ਵਿਰਲਾ ਕੋਈ ਭਿਖਾਰੀ ਗੁਰਮਖ, ਜੋ ਦੁੱਖ ਸੁਖ ਜਾਣੇ ਇੱਕ ਜਿਹਾ
ਭੁੱਬਾਂ ਮਾਰ ਕੇ ਰੋਂਦੇ ਵੇਖੇ, ਜਦ ਮਰਦੇ ਯਾਰ ਪੁਰਾਣੇ ਨੇ

ਮਾਤ ਪਿਤਾ ਪੁੱਤ ਧਨ ਤੇ ਦੌਲਤ, ਦੇਸ ਉਤੋਂ ਸਭ ਵਾਰ ਕੇ ਤੇ
ਸੱਦ ਮਾਹੀ ਦਾ ਗਾਉਂਦੇ ਚੀਮਾਂ, ਧਰ ਕੇ ਇੱਟ ਸਿਰਾਣੇ ਨੇ

*—ਬੁਸੋਵਾਲ*
*ਸੁਲਤਾਨਪੁਰ ਲੋਧੀ*


ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

**SAGGU**
**IRON INDUSTRIES**
**ਸੱਗੂ ਆਇਰਨ ਇੰਡਸਟਰੀਜ਼**

Sugar Mill Spares, Paper & Boards Mill Spares,
Textile Mill Spares, Distillery Spares & Solvent Plant Spares
All Type of Gear & Chain Sprockets & Industrial Chain
Partner: S. Puran Singh Saggu
S. Narinder Singh Saggu
Old Railway Road, Jalandhar.
Phone : 58795, 59056 Mobile Phone 9814028099




Sri Satguru Jagjit Singh Ji eLibrary NamdhariElibrary@gmail.com

Gram : 'SNIPER'    Hello : 431367

*Reputed Manufacturers of :*

**Superior Quality**

**SINGLE BARREL**

&

**DOUBLE BARREL**

**B. L. — 12 BORE**

**GUNS**

**MODERN GUN WORKS**

OPP. INDUSTRIAL ESTATE,
JAMMU CANTT.



Sri Satguru Jagjit Singh Ji eLibrary    NamdhariElibrary@gmail.com

# ਬਚਿਤ੍ਰ ਨਾਟਕ—ਇਕ ਅਪੂਰਵ ਕ੍ਰਿਤੀ

ਕਿਸ਼ਤ ਨੰ. ੧੧

—ਪ੍ਰਿੰ. ਬੇਅੰਤ ਕੌਰ

ਸਭ ਅਪਨੀ ਅਪਨੀ ਉਰਝਾਨਾ॥
ਪਾਰਬ੍ਰਹਮ ਕਾਹੂ ਨ ਪਛਾਨਾ॥
ਤਪ ਸਾਧਤ ਹਰਿ ਮੋਹਿ ਬੁਲਾਯੋ॥
ਇਮ ਕਹਿ ਕੈ ਇਹ ਲੋਕ ਪਠਾਯੋ॥੨੮॥

**ਸ਼ਬਦਾਰਥ** : ਹਰਿ - ਅਕਾਲ ਪੁਰਖ। ਇਮ - ਇਸ ਤਰ੍ਹਾਂ।

**ਭਾਵਾਰਥ** : ਸਭ ਲੋਕ ਆਪੋ-ਆਪਣੀ ਪ੍ਰਭੁਤਾ ਵਿਚ ਹੀ ਉਲਝ ਗਏ ਅਤੇ ਉਸ ਅਕਾਲ ਪੁਰਖ ਪ੍ਰਭੂ ਨੂੰ ਕਿਸੇ ਨੇ ਨਹੀਂ ਪਛਾਣਿਆ। ਉਸ ਵਕਤ ਅਕਾਲ ਪੁਰਖ ਪ੍ਰਭੂ ਨੇ ਮੈਨੂੰ ਸਿਮਰਨ ਕਰਦਿਆਂ ਹੋਇਆਂ ਬੁਲਾ ਲਿਆ ਅਤੇ ਇਸ ਤਰ੍ਹਾਂ ਕਹਿਕੇ ਮੈਨੂੰ ਇਸ ਮਾਤ-ਲੋਕ ਵਿਚ ਭੇਜਿਆ।

## ਅਕਾਲ ਪੁਰਖ ਬਾਚ॥ ਚੌਪਈ॥

ਮੈ ਅਪਨਾ ਸੁਤ ਤੋਹਿ ਨਿਵਾਜਾ॥
ਪੰਥੁ ਪ੍ਰਚੁਰ ਕਰਬੇ ਕਹੁ ਸਾਜਾ॥
ਜਾਹਿ ਤਹਾਂ ਤੈ ਧਰਮੁ ਚਲਾਇ॥
ਕਬੁਧਿ ਕਰਨ ਤੇ ਲੋਕ ਹਟਾਇ॥੨੯॥

**ਸ਼ਬਦਾਰਥ** : ਤੈਂ - ਮਾਤਲੋਕ 'ਚ। ਕੁਬੁਧ - ਖੋਟੀ ਮੱਤ।

**ਭਾਵਾਰਥ** : ਅਕਾਲ ਪੁਰਖ ਪ੍ਰਭੂ ਨੇ ਫੁਰਮਾਇਆ - ਮੈਂ ਤੈਨੂੰ ਆਪਣਾ ਸਪੁੱਤਰ ਥਾਪਿਆ ਹੈ। ਮੈਂ ਤੈਨੂੰ ਪੰਥ ਦਾ ਪਰਚਾਰ ਕਰਨ ਵਾਸਤੇ ਬਣਾਇਆ ਹੈ। ਤੁਸੀਂ ਉਥੇ ਜਾਕੇ ਧਰਮ ਚਲਾਓ ਅਤੇ ਦੁਨੀਆਂ ਦੇ ਲੋਕਾਂ ਨੂੰ ਬੁਰੇ ਕਰਮ ਕਰਨ ਤੋਂ ਹਟਾਓ।

## ਕਬਿਬਾਚ॥ ਦੋਹਰਾ॥

ਠਾਢ ਭਯੋ ਮੈ ਜੋਰਿ ਕਰਿ ਬਚਨ ਕਹਾ ਸਿਰ ਨਯਾਇ॥
ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰਹੁ ਸਹਾਇ॥੩੦॥

**ਸ਼ਬਦਾਰਥ** : ਠਾਢ - ਖੜ੍ਹੇ ਹੋਕੇ। ਕਰ - ਹੱਥ।

**ਭਾਵਾਰਥ** : ਉਸ ਅਕਾਲ ਪੁਰਖ ਦੀ ਆਗਿਆ ਦੇ ਉੱਤਰ ਵਿਚ ਮੈਂ ਹੱਥ ਜੋੜ ਕੇ ਖੜ੍ਹਾ ਹੋ ਗਿਆ ਅਤੇ ਆਪਣਾ ਸਿਰ ਨਿਵਾ ਕੇ ਉਹਨਾਂ ਦੇ ਚਰਨਾਂ ਵਿਚ ਬੇਨਤੀ ਕੀਤੀ - ਸੰਸਾਰ ਵਿਚ ਤਦੇ ਹੀ ਸੱਚਾ ਪੰਥ ਚਲਾ ਸਕੇਗਾ ਜੇਕਰ ਆਪ ਮੇਰੀ ਸਹਾਇਤਾ ਕਰੋਗੇ।

## ਚੌਪਈ॥

ਇਹ ਕਾਰਨਿ ਪ੍ਰਭ ਮੋਹਿ ਪਠਾਯੋ॥
ਤਬ ਮੈ ਜਗਤ ਜਨਮੁ ਧਰਿ ਆਯੋ॥
ਜਿਮ ਤਿਨ ਕਹੀ ਇਨੈ ਤਿਮ ਕਹਿ ਹੌਂ॥
ਅਉਰ ਕਿਸੂ ਤੇ ਬੈਰ ਨ ਗਹਿ ਹੌਂ॥੩੧॥

**ਸ਼ਬਦਾਰਥ** : ਪਠਾਯੋ - ਭੇਜਿਆ। ਤਿਨ - ਅਕਾਲ ਪੁਰਖ ਦਾ। ਇਨੈ - ਇਸ ਸੰਸਾਰੀ ਲੋਕਾਂ ਨੇ।

**ਭਾਵਾਰਥ** : ਉਸ ਅਕਾਲ ਪੁਰਖ ਪ੍ਰਭੂ ਨੇ ਮੈਨੂੰ ਸੱਚਾ ਪੰਥ ਚਲਾਉਣ ਲਈ ਇਸ ਸੰਸਾਰ ਵਿਚ ਭੇਜਿਆ ਹੈ। ਇਸ ਕਰਕੇ ਮੈਂ ਇਸ ਸੰਸਾਰ ਵਿਚ ਜਨਮ ਧਾਰਕੇ ਆਇਆ ਹਾਂ। ਜਿਸ ਤਰ੍ਹਾਂ ਉਸ ਅਕਾਲ ਪੁਰਖ ਨੇ ਮੈਨੂੰ ਧੁਰ ਤੋਂ ਕਿਹਾ ਹੈ ਮੈਂ ਓਸੇ ਤਰ੍ਹਾਂ ਹੀ ਕਹਾਂਗਾ ਮੈਂ ਕਿਸੇ ਨਾਲ ਵੀ ਵੈਰ ਭਾਵਨਾ ਨਹੀਂ ਰੱਖਾਂਗਾ।

ਜੇ ਹਮ ਕੋ ਪਰਮੇਸਰ ਉਚਰਿ ਹੈ॥
ਤੇ ਸਭ ਨਰਕਿ ਕੁੰਡ ਮਹਿ ਪਰਿ ਹੈ॥
ਮੋਕੋ ਦਾਸੁ ਤਵਨ ਕਾ ਜਾਨੋ॥
ਯਾ ਮੈ ਭੇਦੁ ਨ ਰੰਚ ਪਛਾਨੋ॥੩੨॥

**ਸ਼ਬਦਾਰਥ** : ਤਵਨ - ਤਿਸ ਅਕਾਲ ਪੁਰਖ ਦਾ। ਭੇਦ- ਫਰਕ। ਰੰਚ - ਰਤਾ ਭਰ ਵੀ। ਹਮ ਕੋ - ਆਪਨੂੰ।

**ਭਾਵਾਰਥ** : ਜਿਹੜੇ ਮੈਨੂੰ ਹੀ ਪਰਮੇਸਰ ਕਹਿਣਗੇ, ਉਹ ਸਾਰੇ ਦੇ ਸਾਰੇ ਨਰਕਾਂ ਦੇ ਕੁੰਡ ਵਿਚ ਪੈਣਗੇ। ਇਸ ਲਈ ਮੈਨੂੰ ਉਸ ਅਕਾਲ ਪੁਰਖ ਪ੍ਰਭੂ ਦਾ ਦਾਸ ਜਾਣੋ ਅਤੇ ਇਸ ਗੱਲ ਵਿਚ ਜ਼ਰਾ ਜਿੰਨਾ ਵੀ ਫਰਕ ਨਾ ਜਾਣੋ।

ਮੈ ਹੋ ਪਰਮ ਪੁਰਖ ਕੋ ਦਾਸਾ॥
ਦੇਖਨਿ ਆਯੋ ਜਗਤ ਤਮਾਸਾ॥
ਜੋ ਪ੍ਰਭ ਜਗਤਿ ਕਹਾ ਸੋ ਕਹਿ ਹੌਂ॥
ਮ੍ਰਿਤ ਲੋਗ ਤੇ ਮੋਨਿ ਨ ਰਹਿ ਹੌਂ॥੩੩॥

**ਸ਼ਬਦਾਰਥ** : ਦਾਸਾ - ਸੇਵਕ। ਮੋਨ - ਚੁੱਪ।

**ਭਾਵਾਰਥ** : ਮੈਂ ਉਸ ਅਕਾਲ ਪੁਰਖ ਪ੍ਰਭੂ ਦਾ ਸੇਵਕ ਹਾਂ ਅਤੇ ਇਸ ਸੰਸਾਰ ਦਾ ਤਮਾਸ਼ਾ ਵੇਖਣ ਲਈ ਆਇਆ ਹਾਂ। ਜੋ ਕੁਝ ਮੈਨੂੰ ਸ੍ਰਿਸ਼ਟੀ ਦੇ ਮਾਲਕ ਨੇ ਕਿਹਾ ਹੈ, ਮੈਂ ਉਸ



Sri Satguru Jagjit Singh Ji eLibrary NamdhariElibrary@gmail.com

ਅਨੁਸਾਰ ਹੀ ਸਭ ਨੂੰ ਦੱਸਾਂਗਾ। ਮੈਂ ਇਸ ਮ੍ਰਿਤੂ ਲੋਕ ਵਿਚ ਕਿਸੇ ਕੋਲੋਂ ਡਰਕੇ ਚੁੱਪ ਨਹੀਂ ਰਵਾਂਗਾ।

## ਨਰਾਜ ਛੰਦ॥

**ਕਹਿਯੋ ਪ੍ਰਭੂ ਸੁ ਭਾਖਿ ਹੋਂ॥ ਕਿਸੂ ਨ ਕਾਨ ਰਾਖਿ ਹੋਂ॥**
**ਕਿਸੂ ਨ ਭੇਖ ਭੀਜ ਹੋਂ॥ ਅਲੇਖ ਬੀਜ ਬੀਜ ਹੋਂ॥੩੪॥**

**ਸ਼ਬਦਾਰਥ** : ਕਿਸੂ - ਕਿਸੇ ਦੀ ਵੀ। ਕਾਨ - ਲਿਹਾਜ। ਅਲੇਖ - ਲੇਖੇ ਤੋਂ ਬਾਹਰੇ।

**ਭਾਵਾਰਥ** : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਫੁਰਮਾਉਂਦੇ ਹਨ, ਜੋ ਕੁਝ ਵੀ ਮੈਨੂੰ ਅਕਾਲ ਪੁਰਖ ਪ੍ਰਭੂ ਨੇ ਹੁਕਮ ਕੀਤਾ ਹੈ, ਉਹੀ ਮੈਂ ਕਹਾਂਗਾ। ਮੈਨੂੰ ਹੋਰ ਕਿਸੇ ਦੀ ਕੋਈ ਲਿਹਾਜ ਨਹੀਂ। ਮੈਂ ਕਿਸੇ ਭੇਸ ਵਿਚ ਨਹੀਂ ਪਤੀਜਾਂਗਾ। ਪਰਮੇਸ਼ਰ ਦੇ ਨਾਮ ਬੀਜ ਨੂੰ ਹੀ ਬੀਜਾਂਗਾ।

**ਪਖਾਣ ਪੂਜ ਹੋਂ ਨਹੀ॥ ਨ ਭੇਖ ਭੀਜ ਹੋਂ ਕਹੀ॥**
**ਅਨੰਤ ਨਾਮੁ ਗਾਇ ਹੋਂ॥ ਪਰੱਮ ਪੁਰਖ ਪਾਇ ਹੋਂ॥੩੫॥**

**ਸ਼ਬਦਾਰਥ** : ਪਖਾਣ - ਪੱਥਰਾਂ। ਕਹੀ - ਕਿਸੇ ਦਾ। ਅਨੰਤ - ਬੇਅੰਤ।

**ਭਾਵਾਰਥ** : ਮੈਂ ਪੱਥਰਾਂ (ਜੜ੍ਹ ਵਸਤੂਆਂ) ਦੀ ਪੂਜਾ ਨਹੀਂ ਕਰਾਂਗਾ ਅਤੇ ਕਿਸੇ ਵੀ ਭੇਸ ਵਿਚ ਨਹੀਂ ਪਤੀਜਾਂਗਾ। ਉਸ ਅਕਾਲ ਪੁਰਖ ਪ੍ਰਭੂ ਦੇ ਨਾਮ ਦਾ ਹੀ ਗਾਇਨ ਕਰਾਂਗਾ ਅਤੇ ਉਸ ਪ੍ਰਭੂ ਪਰਮਾਤਮਾ ਨੂੰ ਹੀ ਪ੍ਰਾਪਤ ਕਰਾਂਗਾ।

**ਜਟਾ ਨ ਸੀਸ ਧਾਰਿ ਹੋ॥ ਨ ਮੁੰਦ੍ਰਕਾ ਸੁ ਧਾਰਿ ਹੋ॥**
**ਨ ਕਾਨ ਕਾਹੂ ਕੀ ਧਰੋ॥ ਕਹਿਯੋ ਪ੍ਰਭੂ ਸੁ ਮੈ ਕਰੋ॥੩੬॥**

**ਸ਼ਬਦਾਰਥ** : ਕਾਨ - ਲਿਹਾਜ।

**ਭਾਵਾਰਥ** : ਮੈਂ ਆਪਣੇ ਸਿਰ ਉੱਤੇ ਕੇਸਾਂ ਦੀਆਂ ਜਟਾਵਾਂ ਨਹੀਂ ਬਣਾਵਾਂਗਾ ਅਤੇ ਨਾ ਹੀ ਕੰਨਾਂ ਵਿਚ ਮੁੰਦਰਾਂ ਪਾਵਾਂਗਾ। ਮੈਂ ਕਿਸੇ ਦਾ ਵੀ ਕੋਈ ਲਿਹਾਜ ਨਹੀਂ ਕਰਾਂਗਾ ਮੈਨੂੰ ਜੋ ਕੁਝ ਵੀ ਉਸ ਅਕਾਲ ਪੁਰਖ ਨੇ ਹੁਕਮ ਕੀਤਾ ਹੈ ਉਸੇ ਅਨੁਸਾਰ ਹੀ ਕਰਾਂਗਾ।

**ਭਜੋ ਸੁ ਏਕੁ ਨਾਮਯੰ॥ ਜੁ ਕਾਮ ਸਰਬ ਠਾਮਯੰ॥**
**ਨ ਜਾਪ ਆਨ ਕੋ ਜਪੋ॥ ਨ ਅਉਰ ਥਾਪਨਾ ਥਪੋ॥੩੭॥**

**ਸ਼ਬਦਾਰਥ**: ਆਨ - ਹੋਰ ਕਿਸੇ ਦਾ। ਥਾਪਨਾ - ਸਹਾਇਤਾ।

**ਭਾਵਾਰਥ**: ਮੈਂ ਉਸ ਅਕਾਲ ਪੁਰਖ ਪ੍ਰਭੂ ਦੇ ਨਾਮ ਨੂੰ ਹੀ ਜਪਾਂਗਾ ਜੋ ਸਾਰਿਆਂ ਥਾਵਾਂ ਵਿਚ ਕੰਮ ਆਉਂਦਾ ਹੈ। ਮੈਂ ਹੋਰ ਕਿਸੇ ਨਾਮ ਨੂੰ ਨਹੀਂ ਜਪਾਂਗਾ, ਅਤੇ ਨਾ ਹੀ ਕਿਸੇ ਹੋਰ ਮੂਰਤੀ ਦੀ ਸਥਾਪਨਾ ਕਰਾਂਗਾ।

**ਬਿਅੰਤਿ ਨਾਮੁ ਧਿਆਇ ਹੋ॥ ਪਰਮ ਜੋਤਿ ਪਾਇ ਹੋ॥**
**ਨ ਧਿਆਨ ਆਨ ਕੋ ਧਰੋ। ਨ ਨਾਮ ਆਨ ਉਚਰੋਂ॥੩੮॥**

**ਸ਼ਬਦਾਰਥ**: ਬਿਅੰਤਿ - ਅਕਾਲ ਪੁਰਖ।

**ਭਾਵਾਰਥ**: ਮੈਂ ਉਸ ਅਕਾਲ ਪੁਰਖ ਪ੍ਰਭੂ ਦੇ ਨਾਮ ਦਾ ਹੀ ਸਿਮਰਨ ਕਰਾਂਗਾ ਅਤੇ ਇਸ ਤਰ੍ਹਾਂ ਉੱਤਮ ਅਕਾਲ ਪੁਰਖ ਨੂੰ ਹੀ ਪ੍ਰਾਪਤ ਕਰਾਂਗਾ। ਮੈਂ ਕਿਸੇ ਹੋਰ ਦਾ ਧਿਆਨ ਨਹੀਂ ਕਰਾਂਗਾ ਅਤੇ ਨਾ ਹੀ ਕਿਸੇ ਦੂਸਰੇ ਦੇ ਨਾਮ ਦਾ ਉਚਾਰਨ ਕਰਾਂਗਾ।

**ਤਵੱਕ ਨਾਮ ਰੱਤਿਯੰ॥ ਨ ਆਨ ਮਾਨ ਮੱਤਿਯੰ॥**
**ਪਰੱਮ ਧਿਆਨ ਧਾਰੀਯੰ॥ ਅਨੰਤ ਪਾਪ ਟਾਰੀਯੰ॥੩੯॥**

**ਸ਼ਬਦਾਰਥ**: ਤਵੱਕ - ਸਿਰਫ ਤੇਰਾ ਹੀ ਨਾਮ। ਮਾਨ - ਅਭਿਮਾਨ। ਪਰਮ - ਵੱਡੇ। ਮਤਿੱਯੰ - ਮਸਤ।

**ਭਾਵਾਰਥ**: ਹੇ ਮੇਰੇ ਅਕਾਲ ਪੁਰਖ ਮੈਂ ਇਕ ਤੇਰੇ ਨਾਮ ਨਾਲ ਹੀ ਪ੍ਰੀਤ ਕਰਾਂਗਾ, ਮੈਂ ਕਿਸੇ ਅਭਿਮਾਨ ਨਾਲ ਮਸਤ ਨਹੀਂ ਹੋਵਾਂਗਾ। ਮੈਂ ਆਪ ਜੀ ਦੇ ਰੂਪ ਦਾ ਹੀ ਧਿਆਨ ਧਰਾਂਗਾ। ਆਪ ਜੀ ਦਾ ਨਾਮ ਬੇਅੰਤ ਪਾਪਾਂ ਨੂੰ ਦੂਰ ਕਰ ਦਿੰਦਾ ਹੈ।

**ਤੁਮੇਵ ਰੂਪ ਰਾਚਿਯੰ॥ ਨ ਆਨ ਦਾਨ ਮਾਚਿਯੰ॥**
**ਤਵੱਕ ਨਾਮੁ ਉਚਾਰੀਯੰ॥ ਅਨੰਤ ਦੂਖ ਟਾਰੀਯੰ॥੪੦॥**

**ਸ਼ਬਦਾਰਥ** : ਤੁਮੇਵ - ਤੁਹਾਡੇ ਹੀ। ਨ - ਨਹੀਂ। ਮਾਚਿਯੰ-ਪ੍ਰਸੰਨ।

**ਭਾਵਾਰਥ**: ਹੇ ਮੇਰੇ ਅਕਾਲ ਪੁਰਖ ਮੈਂ ਆਪ ਜੀ ਦੇ ਰੂਪ ਵਿਚ ਹੀ ਰਚਿਆ ਰਹਾਂਗਾ ਤੇ ਹੋਰ ਦਾਤਾਂ ਵਿਚ ਮਸਤ ਨਹੀਂ ਹੋਵਾਂਗਾ। ਮੈਂ ਆਪ ਜੀ ਦੇ ਨਾਮ ਦਾ ਹੀ ਸਿਮਰਨ ਕਰਾਂਗਾ, ਜਿਸ ਤੋਂ ਅਣਗਿਣਤ ਦੁੱਖਾਂ ਦਾ ਨਿਵਾਰਣ ਹੋ ਸਕਦਾ ਹੈ।

## ਚੌਪਈ॥

**ਜਿਨ ਜਿਨ ਨਾਮੁ ਤਿਹਾਰੋ ਧਿਆਇਆ॥**
**ਦੂਖ ਪਾਪ ਤਿਨ ਨਿਕਟਿ ਨ ਆਇਆ॥**
**ਜੇ ਜੇ ਅਉਰ ਧਿਆਨ ਕੋ ਧਰ ਹੀ॥**
**ਬਹਿਸ ਬਹਿਸ ਬਾਦਨ ਤੇ ਮਰ ਹੀ॥੪੧॥**

**ਸ਼ਬਦਾਰਥ**: ਬਾਦਨ- ਝਗੜੇ।

**ਭਾਵਾਰਥ**: ਹੇ ਮੇਰੇ ਅਕਾਲ ਪੁਰਖ, ਜਿਨ੍ਹਾਂ-ਜਿਨ੍ਹਾਂ ਨੇ ਆਪ ਜੀ ਦਾ ਸਿਮਰਨ ਕੀਤਾ ਹੈ ਦੁੱਖ ਤੇ ਪਾਪ ਉਹਨਾਂ ਦੇ ਨੇੜੇ ਨਹੀਂ ਲੱਗ ਸਕਦੇ। ਜਿਹੜੇ ਆਪ ਜੀ ਨੂੰ ਛੱਡ ਕੇ ਕਿਸੇ ਹੋਰ ਦਾ ਧਿਆਨ ਕਰਦੇ ਹਨ, ਖੰਡਨ-ਮੰਡਨ ਕਰਦਿਆਂ ਝਗੜ-ਝਗੜਕੇ ਮਰ ਜਾਂਦੇ ਹਨ।

**ਹਮ ਇਹ ਕਾਜ ਜਗਤ ਮੋ ਆਏ॥**
**ਧਰਮ ਹੇਤ ਗੁਰਦੇਵ ਪਠਾਏ॥**
**ਜਹਾਂ ਤਹਾਂ ਤੁਮ ਧਰਮ ਬਿਥਾਰੋ॥**
**ਦੁਸਟ ਦੋਖੀਯਨਿ ਪਕਰਿ ਪਛਾਰੋ॥੪੨॥**


Sri Satguru Jagjit Singh Ji eLibrary NamdhariElibrary@gmail.com

ਸ਼ਬਦਾਰਥ: ਪਠਾਯੋ - ਭੇਜੇ। ਦੁਸਟ - ਖੋਟੇ ਲੋਕ। ਦੋਖੀਯਨਿ - ਵਿਰੁੱਧੀਆਂ।

ਭਾਵਾਰਥ: ਅਸੀਂ ਇਸ ਕਾਰਜ ਨੂੰ ਕਰਨ ਲਈ ਇਸ ਸੰਸਾਰ ਅੰਦਰ ਆਏ ਹਾਂ, ਉਸ ਅਕਾਲ ਪੁਰਖ ਨੇ ਸਾਨੂੰ ਧਰਮ ਦੇ ਵਾਸਤੇ ਇਥੇ ਭੇਜਿਆ ਹੈ। ਸਭ ਥਾਵਾਂ ਤੇ ਧਰਮ ਦਾ ਪਰਚਾਰ ਕਰੋ ਦੁਸ਼ਟਾਂ ਅਤੇ ਦੋਖੀਆਂ ਨੂੰ ਫੜਕੇ ਨਾਸ਼ ਕਰ ਦਿਓ।

**ਯਾਹੀ ਕਾਜ ਧਰਾ ਹਮ ਜਨਮੰ॥**
**ਸਮਝ ਲੇਹੁ ਸਾਧੂ ਸਭ ਮਨਮੰ॥**
**ਧਰਮ ਚਲਾਵਨ ਸੰਤ ਉਬਾਰਨ॥**
**ਦੁਸਟ ਸਭਨ ਕੋ ਮੂਲ ਉਪਾਰਨਿ॥੪੩॥**

ਸ਼ਬਦਾਰਥ: ਉਬਾਰਨ - ਬਚਾਉਣ ਵਾਸਤੇ। ਮੂਲ ਉਪਾਰਨਿ - ਜੜ੍ਹੋਂ ਪੁਟਣ ਵਾਸਤੇ।

ਭਾਵਾਰਥ: ਮੈਂ ਇਸ ਕੰਮ ਨੂੰ ਸਿਰੇ ਚੜ੍ਹਾਉਣ ਲਈ ਇਸ ਧਰਤੀ ਤੇ ਜਨਮ ਲਿਆ ਹੈ। ਹੇ ਸੰਤਹੁ, ਤੁਸੀਂ ਸਾਰੇ ਇਸ ਨੂੰ ਆਪਣੇ ਮਨ ਵਿਚ ਸਮਝ ਲਓ। ਧਰਮ ਨੂੰ ਚਲਾਉਣਾ, ਸੰਤਾਂ ਨੂੰ ਬਚਾਉਣਾ ਅਤੇ ਸਾਰੇ ਦੁਸ਼ਟਾਂ ਨੂੰ ਜੜ੍ਹਾਂ ਤੇ ਉਖਾੜ ਕੇ ਸੁਟ ਦੇਣਾ, ਇਸ ਉਦੇਸ਼ ਦੀ ਪੂਰਤੀ ਲਈ ਹੀ ਮੈਂ ਜਨਮ ਧਾਰਨ ਕੀਤਾ ਹੈ।

**ਜੇ ਜੇ ਭਏ ਪਹਿਲ ਅਵਤਾਰਾ॥**
**ਆਪੁ ਆਪੁ ਤਿਨ ਜਾਪੁ ਉਚਾਰਾ॥**
**ਪ੍ਰਭ ਦੋਖੀ ਕੋਈ ਨ ਬਿਦਾਰਾ॥**
**ਧਰਮ ਕਰਨ ਕੋ ਰਾਹੁ ਨ ਡਾਰਾ॥੪੪॥**

ਸ਼ਬਦਾਰਥ: ਬਿਦਾਰਾ- ਮਾਰਿਆ। ਡਾਰਾ - ਚਲਾਇਆ।

ਭਾਵਾਰਥ: ਜਿਹੜੇ-ਜਿਹੜੇ ਅਵਤਾਰ ਪਹਿਲਾਂ ਹੋ ਚੁੱਕੇ ਹਨ, ਉਹਨਾਂ ਸਾਰਿਆਂ ਨੇ ਆਪੋ-ਆਪਣੇ ਨਾਮ ਦਾ ਜਾਪ ਕਰਾਇਆ। ਉਹਨਾਂ ਕਿਸੇ ਨੇ ਵੀ ਅਕਾਲ ਪੁਰਖ ਪ੍ਰਭੂ ਦੇ ਦੋਖੀਆਂ ਨੂੰ ਨਹੀਂ ਮਾਰਿਆ, ਉਹਨਾਂ ਸਾਰਿਆਂ ਨੇ ਲੋਕਾਂ ਨੂੰ ਧਰਮ ਦੇ ਰਸਤੇ ਤੇ ਵੀ ਨਹੀਂ ਚਲਾਇਆ।

**ਜੇ ਜੇ ਗਉਸ ਅੰਬੀਆ ਭਏ॥**
**ਮੈ ਮੈ ਕਰਤ ਜਗਤ ਤੇ ਗਏ॥**
**ਮਹਾਪੁਰਖ ਕਾਹੂ ਨ ਪਛਾਨਾ॥**
**ਕਰਮ ਧਰਮ ਕੋ ਕਛੂ ਨ ਜਾਨਾ॥੪੫॥**

ਸ਼ਬਦਾਰਥ: ਮਹਾਪੁਰਖ - ਅਕਾਲ ਪੁਰਖ। ਅੰਬੀਆ - ਨਬੀ।

ਭਾਵਾਰਥ: ਜਿਹੜੇ-ਜਿਹੜੇ ਫ਼ਕੀਰ ਅਤੇ ਨਬੀ ਹੋਏ ਹਨ, ਉਹ ਸਾਰੇ ਮੈਂ-ਮੈਂ ਕਰਦੇ ਹੋਏ ਇਸ ਸੰਸਾਰ ਤੋਂ ਚਲੇ ਗਏ। ਉਸ ਅਕਾਲ ਪੁਰਖ ਨੂੰ ਕਿਸੇ ਨੇ ਵੀ ਨਾ ਪਛਾਣਿਆ, ਉਹਨਾਂ ਨੇ ਧਰਮ ਦੇ ਕਰਮ ਨੂੰ ਕੁਝ ਵੀ ਨਹੀਂ ਸਮਝਿਆ।

**ਅਵਰਨ ਕੀ ਆਸਾ ਕਿਛੁ ਨਾਹੀ॥**
**ਏਕੈ ਆਸ ਧਰੋ ਮਨ ਮਾਹੀ॥**
**ਆਨ ਆਸ ਉਪਜਤ ਕਿਛੁ ਨਾਹੀ॥**
**ਵਾ ਕੀ ਆਸ ਧਰੋ ਮਨ ਮਾਹੀ॥੪੬॥**

ਸ਼ਬਦਾਰਥ: ਏਕੈ- ਅਕਾਲ ਪੁਰਖ।

ਭਾਵਾਰਥ: ਇਕ ਅਕਾਲ ਪੁਰਖ ਦੀ ਆਸ ਤੋਂ ਬਿਨਾਂ ਹੋਰ ਕਿਸੇ ਦੀ ਆਸ ਵਿਚ ਕੁਝ ਵੀ ਨਹੀਂ ਰਖਿਆ ਹੋਇਆ। ਇਸ ਵਾਸਤੇ ਮੈਂ ਆਪਣੇ ਮਨ ਵਿਚ ਇਕ ਅਕਾਲ ਪੁਰਖ ਦੀ ਹੀ ਆਸ ਰਖਦਾ ਹਾਂ। ਹੋਰਨਾਂ ਦੀ ਆਸ ਵਿਚ ਕੁਝ ਵੀ ਪ੍ਰਾਪਤ ਨਹੀਂ ਹੁੰਦਾ। ਉਸ ਅਕਾਲ ਪੁਰਖ ਦੀ ਆਸ ਨੂੰ ਹੀ ਆਪਣੇ ਮਨ ਵਿਚ ਰੱਖੋ।

### ਦੋਹਰਾ॥

**ਕੋਈ ਪੜ੍ਹਤਿ ਕੁਰਾਨ ਕੋ ਕੋਈ ਪੜ੍ਹਤ ਪੁਰਾਨ॥**
**ਕਾਲ ਨ ਸਕਤ ਬਚਾਇਕੈ ਫੋਕਟ ਧਰਮ ਨਿਦਾਨ॥੪੭॥**

ਸ਼ਬਦਾਰਥ: ਫੋਕਟ - ਵਿਅਰਥ। ਨਿਦਾਨ - ਅੰਤ ਵਿਚ।

ਭਾਵਾਰਥ: ਕੋਈ ਕੁਰਾਨ ਸ਼ਰੀਫ਼ ਦਾ ਪਾਠ ਕਰਦਾ ਹੈ ਅਤੇ ਕੋਈ ਪੁਰਾਣ ਪੜ੍ਹਦਾ ਹੈ ਇਨ੍ਹਾਂ ਦਾ ਪਾਠ ਮਨੁੱਖ ਨੂੰ ਕਾਲ ਤੋਂ ਨਹੀਂ ਬਚਾ ਸਕਦਾ; ਇਸ ਕਰਕੇ ਇਹ ਸਾਰੇ ਕਰਮ ਧਰਮ ਅੰਤ ਸਮੇਂ ਵਿਅਰਥ ਸਾਬਤ ਹੁੰਦੇ ਹਨ।

### ਚੌਪਈ॥

**ਕਈ ਕੋਟਿ ਮਿਲਿ ਪੜ੍ਹਤ ਕੁਰਾਨਾ॥**
**ਬਾਚਤ ਕਿਤੇ ਪੁਰਾਨ ਅਜਾਨਾ॥**
**ਅੰਤਿਕਾਲ ਕੋਈ ਕਾਮ ਨਾ ਆਵਾ॥**
**ਦਾਵ ਕਾਲ ਕਾਹੂ ਨ ਬਚਾਵਾ॥੪੮॥**

ਸ਼ਬਦਾਰਥ: ਕੋਟਿ - ਕਰੋੜਾਂ। ਮਿਲਿ - ਇਕੱਠੇ ਹੋ ਕੇ। ਬਾਚਤ - ਪੜ੍ਹਦੇ ਹਨ।

ਭਾਵਾਰਥ: ਕਈ ਕਰੋੜਾਂ ਲੋਕ ਇਕੱਠੇ ਹੋ ਕੇ ਕੁਰਾਨ ਦਾ ਪਾਠ ਪੜ੍ਹਦੇ ਹਨ। ਕਿਧਰੇ ਅਣਜਾਣ ਲੋਕ ਪੁਰਾਣ ਨੂੰ ਪੜ੍ਹਦੇ ਹਨ। ਉਹਨਾਂ ਦੇ ਅੰਤਲੇ ਸਮੇਂ ਵਿਚ ਕੁਰਾਨ ਅਤੇ ਪੁਰਾਣ ਕੰਮ ਨਹੀਂ ਆਉਣੇ ਅਤੇ ਕਾਲ ਦੇ ਦਾਵ ਤੋਂ ਕਿਸੇ ਨਹੀਂ ਬਚਾਉਣਾ।

**ਕਿਉ ਨ ਜਪੋ ਤਾਕੋ ਤੁਮ ਭਾਈ॥**
**ਅੰਤਿਕਾਲ ਜੋ ਹੋਇ ਸਹਾਈ॥**
**ਫੋਕਟ ਧਰਮ ਲਖੋ ਕਰ ਭਰਮਾ॥**
**ਇਨ ਤੇ ਸਰਤ ਨ ਕੋਈ ਕਰਮਾ॥੪੯॥**

ਸ਼ਬਦਾਰਥ: ਫੋਕਟ - ਵਿਅਰਥ। ਕਰਮ - ਕੰਮ।


Sri Satguru Jagjit Singh Ji eLibrary NamdhariElibrary@gmail.com

ਭਾਵਾਰਥ: ਹੇ ਪਿਆਰਿਓ, ਤੁਸੀਂ ਉਸ ਅਕਾਲ ਪੁਰਖ ਪ੍ਰਭੂ ਦਾ ਜਾਪ ਕਿਉਂ ਨਹੀਂ ਕਰਦੇ, ਜੋ ਸਾਰਿਆਂ ਲਈ ਅੰਤ ਕਾਲ ਵਿਚ ਸਹਾਇਕ ਬਣਦਾ ਹੈ। ਉਸ ਅਕਾਲ ਪੁਰਖ ਪ੍ਰਭੂ ਤੋਂ ਬਿਨਾਂ ਹੋਰ ਸਾਰੇ ਧਰਮਾਂ ਨੂੰ ਭਰਮਾਉਣ ਵਾਲਾ ਅਤੇ ਵਿਅਰਥ ਸਮਝੋ। ਇਹ ਸਾਰੇ ਧਰਮਾਂ ਤੋਂ ਕੋਈ ਵੀ ਕੰਮ ਪੂਰਾ ਨਹੀਂ ਹੁੰਦਾ।

ਇਹ ਕਾਰਨਿ ਪ੍ਰਭ ਹਮੈ ਬਨਾਯੋ॥
ਭੇਦੁ ਭਾਖਿ ਇਹ ਲੋਕ ਪਠਾਯੋ॥
ਜੋ ਤਿਨ ਕਹਾ ਸੁ ਸਭਨ ਉਚਰੋਂ॥
ਡਿੰਭ ਵਿੰਭ ਕਛੁ ਨੈਕ ਨ ਕਰੋਂ॥੫੦॥

ਸ਼ਬਦਾਰਥ: ਭੇਦੁ ਭਾਖਿ - ਭੇਦ ਦੱਸ ਕੇ। ਡਿੰਭ - ਦਿਖਾਵਾ।

ਭਾਵਾਰਥ: ਇਸ ਕਾਰਜ ਨੂੰ ਸਿਰੇ ਚੜ੍ਹਾਉਣ ਦਾ ਕੰਮ ਮੈਨੂੰ ਸੌਂਪਿਆ ਹੈ, ਅਤੇ ਸਾਰੇ ਭੇਦ ਦੱਸ ਕੇ ਮੈਨੂੰ ਇਸ ਲੋਕ ਵਿਚ ਭੇਜਿਆ ਹੈ। ਜੋ ਕੁਝ ਮੈਨੂੰ ਅਕਾਲ ਪੁਰਖ ਨੇ ਦੱਸ ਕੇ ਭੇਜਿਆ ਹੈ, ਮੈਂ ਉਹੀ ਸਾਰਾ ਕੁਝ ਸਾਰਿਆਂ ਨੂੰ ਸੁਣਾਵਾਂਗਾ, ਅਤੇ ਕੋਈ ਨਵਾਂ ਪਾਖੰਡ ਨਹੀਂ ਕਰਾਂਗਾ।

## ਰਸਾਵਲ ਛੰਦ॥

ਨ ਜਟਾ ਮੂੰਡ ਧਾਰੌਂ॥ ਨ ਮੁੰਦ੍ਰਕਾ ਸਵਾਰੌਂ॥
ਜਪੋ ਤਾਸ ਨਾਮੰ॥ ਸਰੈ ਸਰਬ ਕਾਮੰ॥੫੧॥

ਸ਼ਬਦਾਰਥ : ਮੂੰਡ - ਸਿਰ ਤੇ। ਮੁੰਦ੍ਰਕਾ - ਮੁੰਦਰਾਂ।

ਭਾਵਾਰਥ : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਫਰਮਾਉਂਦੇ ਹਨ - ਮੈਂ ਸਿਰ ਤੇ ਜਟਾਂ ਨਹੀਂ ਰਖਾਂਗਾ, ਕੰਨਾਂ ਵਿਚ ਮੁੰਦਰਾਂ ਨਹੀਂ ਪਾਵਾਂਗਾ। ਮੈਂ ਉਸ ਦੇ ਨਾਮ ਦਾ ਹੀ ਜਾਪ ਕਰਾਂਗਾ ਤਾਂਕਿ ਸਾਰੇ ਕਾਰਜ ਸਿਧ ਹੋ ਸਕਣ।

ਨ ਨੈਨੰ ਮਿਚਾਊ॥ ਨ ਡਿੰਭੰ ਦਿਖਾਊ॥
ਨ ਕੁਕਰਮੰ ਕਮਾਊ॥ ਨ ਭੇਖੀ ਕਹਾਊ॥੫੨॥

ਸ਼ਬਦਾਰਥ: ਨੈਨੰ- ਨੇਤਰ। ਕੁਕਰਮੰ - ਬੁਰੇ ਕੰਮ।

ਭਾਵਾਰਥ: ਨਾ ਹੀ ਦਿਖਾਵੇ ਮਾਤਰ ਮੈਂ ਅੱਖ ਬੰਦ ਕਰਾਂਗਾ, ਨਾ ਹੀ ਮੈਂ ਕਿਸੇ ਕਿਸਮ ਦੇ ਪਾਖੰਡ ਕਰਾਂਗਾ, ਨਾ ਕੁਕਰਮ ਕਮਾਵਾਂਗਾ ਅਤੇ ਨਾ ਹੀ ਭੇਖੀ ਕਹਾਵਾਂਗਾ।

## ਚੌਪਈ॥

ਜੇ ਜੇ ਭੇਖ ਸੁ ਤਨ ਮੈ ਧਾਰੈ॥
ਤੇ ਪ੍ਰਭ ਜਨ ਕਛੁ ਕੈ ਨ ਬਿਚਾਰੈ॥
ਸਮਝ ਲੇਹੁ ਸਭ ਜਨ ਮਨ ਮਾਹੀ॥
ਡਿੰਭਨ ਮੈ ਪਰਮੇਸੁਰ ਨਾਹੀ॥੫੩॥

ਸ਼ਬਦਾਰਥ: ਸੁ ਤਨ - ਆਪਣੇ ਸਰੀਰ ਉੱਤੇ। ਤੇ - ਉਹਨਾਂ ਭੇਖੀਆਂ ਨੂੰ।

ਭਾਵਾਰਥ: ਜਿਹੜੇ ਮਨੁੱਖ ਆਪਣੇ ਸਰੀਰ ਉੱਤੇ ਭੇਖ ਬਣਾਉਂਦੇ ਹਨ, ਉਹ ਲੋਕ ਅਕਾਲ ਪੁਰਖ ਦੇ ਬਾਰੇ ਕੁਝ ਵੀ ਨਹੀਂ ਸਮਝਦੇ। ਹੇ ਗੁਰਮੁਖੋ, ਤੁਸੀਂ ਇਹ ਗੱਲ ਆਪਣੇ ਮਨ ਵਿਚ ਭਲੀ ਪ੍ਰਕਾਰ ਸਮਝ ਲਓ ਕਿ ਪਾਖੰਡ ਕਰਨ ਨਾਲ ਪਰਮੇਸ਼ਰ ਦੀ ਪ੍ਰਾਪਤੀ ਨਹੀਂ ਹੁੰਦੀ।

ਜੇ ਜੇ ਕਰਮ ਕਰਿ ਡਿੰਭ ਦਿਖਾਈ॥
ਤਿਨ ਪਰਲੋਗਨ ਮੋ ਗਤਿ ਨਾਹੀ॥
ਜੀਵਤ ਚਲਤ ਜਗਤ ਕੇ ਕਾਜਾ॥
ਸ੍ਵਾਂਗ ਦੇਖਿ ਕਰਿ ਪੂਜਤ ਰਾਜਾ॥੫੪॥

ਸ਼ਬਦਾਰਥ: ਡਿੰਭ - ਪਾਖੰਡ। ਪਰਲੋਗਨ - ਪ੍ਰਲੋਕ।

ਭਾਵਾਰਥ: ਜਿਹੜੇ ਕਰਮ ਕਾਂਡੀ ਪਾਖੰਡ ਕਰ-ਕਰਕੇ ਦਿਖਾਉਂਦੇ ਹਨ ਉਹਨਾਂ ਨੂੰ ਪਰਲੋਕ ਵਿਚ ਮੁਕਤੀ ਨਹੀਂ ਮਿਲਦੀ। ਜੀਉਂਦਿਆਂ ਹੋਇਆਂ ਇਸ ਸੰਸਾਰ ਵਿਚ ਉਹਨਾਂ ਪਾਖੰਡੀਆਂ ਦੇ ਕੰਮ-ਕਾਰ ਸੌਰਦੇ ਰਹਿੰਦੇ ਹਨ, ਉਹਨਾਂ ਦੇ ਪਾਖੰਡ ਨੂੰ ਵੇਖਕੇ ਦੁਨਿਆਵੀ ਲੋਕ ਉਹਨਾਂ ਨੂੰ ਪੂਜਦੇ ਹਨ।

ਸੁਆਂਗਨ ਮੈ ਪਰਮੇਸੁਰ ਨਾਹੀ॥
ਖੋਜਿ ਫਿਰੈ ਸਭ ਹੀ ਕੋ ਕਾਹੀ॥
ਅਪਨੋ ਮਨੁ ਕਰ ਮੋ ਜਿਹ ਆਨਾ॥
ਪਾਰਬ੍ਰਹਮ ਕੋ ਤਿਨੀ ਪਛਾਨਾ॥੫੫॥

ਸ਼ਬਦਾਰਥ: ਕਾਹੀ - ਕਿਤੇ ਵੀ। ਕਰ - ਹੱਥ।

ਭਾਵਾਰਥ: ਉਹ ਅਕਾਲ ਪੁਰਖ ਭੇਖਾਂ ਵਿਚੋਂ ਨਹੀਂ ਲੱਭਦਾ, ਭਾਵੇਂ ਸਾਰੇ ਲੋਕ ਉਸਨੂੰ ਕਿਧਰੇ ਵੀ ਲੱਭਦੇ ਫਿਰਨ। ਜਿਨ੍ਹਾਂ ਨੇ ਆਪਣੇ ਮਨ ਨੂੰ ਆਪਣੇ ਵੱਸ ਵਿਚ ਕਰ ਲਿਆ, ਉਹਨਾਂ ਨੇ ਹੀ ਉਸ ਅਕਾਲ ਪੁਰਖ ਪ੍ਰਭੂ ਨੂੰ ਪ੍ਰਾਪਤ ਕਰ ਲਿਆ।

## ਦੋਹਰਾ॥

ਭੇਖ ਦਿਖਾਏ ਜਗਤ ਕੋ ਲੋਗਨ ਕੋ ਬਸਿ ਕੀਨ॥
ਅੰਤਕਾਲਿ ਕਾਤੀ ਕਟਯੋ ਬਾਸੁ ਨਰਕ ਮੋ ਲੀਨ॥੫੬॥

ਸ਼ਬਦਾਰਥ: ਕਾਤੀ - ਤਲਵਾਰ।

ਭਾਵਾਰਥ: ਜਿਹਨਾਂ ਨੇ ਭੇਖ ਬਣਾ-ਬਣਾਕੇ ਸੰਸਾਰ ਨੂੰ ਵਿਖਾਇਆ ਅਤੇ ਲੋਕਾਂ ਨੂੰ ਆਪਣੇ ਵੱਸ ਵਿਚ ਕਰ ਲਿਆ ਉਹ ਅੰਤ ਵਿਚ ਕਾਲ ਦੀ ਤਲਵਾਰ ਨਾਲ ਕੱਟੇ ਜਾਣਗੇ ਤੇ ਉਹਨਾਂ ਦਾ ਨਰਕਾਂ ਵਿਚ ਵਾਸਾ ਹੋਵੇਗਾ।

## ਚੌਪਈ॥

ਜੇ ਜੇ ਜਗ ਕੋ ਡਿੰਭ ਦਿਖਾਵੈ॥
ਲੋਗਨ ਮੂੰਡਿ ਅਧਿਕ ਸੁਖੁ ਪਾਵੈ॥
ਨਾਸਾ ਮੂੰਦ ਕਰੈ ਪਰਣਾਮੰ॥
ਫੋਕਟ ਧਰਮ ਨ ਕਉਡੀ ਕਾਮੰ॥੫੭॥


Sri Satguru Jagjit Singh Ji eLibrary NamdhariElibrary@gmail.com

ਸ਼ਬਦਾਰਥ : ਲੋਗਨ - ਲੋਕਾਂ। ਮੂੰਡ - ਪੁਟਕੇ। ਪ੍ਰਣਾਮ - ਪ੍ਰਾਣਾਯਾਮ। ਫੋਕਟ - ਵਿਅਰਥ।

ਭਾਵਾਰਥ: ਜਿਹੜੇ ਪੁਰਖ ਸੰਸਾਰ ਵਿਚ ਲੋਕਾਂ ਨੂੰ ਪਾਖੰਡ ਵਿਖਾਉਂਦੇ ਹਨ, ਲੋਕਾਂ ਨੂੰ ਠੱਗ ਕੇ ਸੁਖ ਪ੍ਰਾਪਤ ਕਰਦੇ ਹਨ, ਆਪਣੀਆਂ ਨਾਸਾਂ ਨੂੰ ਬੰਦ ਕਰਕੇ ਪ੍ਰਾਣਾਯਾਮ ਕਰਦੇ ਹਨ ਉਹਨਾਂ ਦੇ ਧਰਮ-ਕਰਮ ਵਿਅਰਥ ਹਨ ਅਤੇ ਕਉਡੀ ਜਿੰਨੇ ਕੰਮ ਦੇ ਵੀ ਨਹੀਂ।

**ਫੋਕਟ ਧਰਮ ਜਿਤੇ ਜਗ ਕਰ ਹੀ॥**
**ਨਰਕਿ ਕੁੰਡ ਭੀਤਰ ਤੇ ਪਰ ਹੀ॥**
**ਹਾਥਿ ਹਲਾਏ ਸੁਰਗ ਨ ਜਾਹੂ॥**
**ਜੋ ਮਨੁ ਜੀਤ ਸਕਾ ਨਹੀ ਕਾਹੂ॥੫੮॥**

ਸ਼ਬਦਾਰਥ: ਜਾਹੂ - ਜਾਵੇਗਾ। ਕਾਹੂ - ਕਿਸੇ ਦਾ।

ਭਾਵਾਰਥ: ਜਿਹੜੇ ਲੋਕ ਸੰਸਾਰ ਵਿਚ ਵਿਅਰਥ ਕੰਮ ਕਰਦੇ ਹਨ, ਉਹ ਸਾਰੇ ਨਰਕਾਂ ਦੇ ਕੁੰਡ ਵਿਚ ਸੜਨਗੇ। ਜਿਹੜਾ ਮਨ ਨੂੰ ਨਹੀਂ ਜਿੱਤ ਸਕਿਆ, ਨਿਰੇ ਕਰਮ ਕਰਨ ਨਾਲ ਕੋਈ ਸਵਰਗ ਨਹੀ ਜਾ ਸਕਦਾ।

## ਕਬਿ ਬਾਚ॥ ਦੋਹਰਾ॥

**ਜੋ ਨਿਜ ਪ੍ਰਭ ਮੋ ਸੋ ਕਹਾ ਸੋ ਕਹਿਹੋਂ ਜਗ ਮਾਹਿ॥**
**ਜੋ ਤਿਹ ਪ੍ਰਭ ਕੌ ਧਿਆਇ ਹੈ ਅੰਤ ਸੁਰਗ ਕੋ ਜਾਹਿ॥੫੯॥**

ਸ਼ਬਦਾਰਥ: ਨਿਜ - ਮੇਰੇ, ਆਪਣੇ। ਪ੍ਰਭੂ - ਸੁਆਮੀ।

ਭਾਵਾਰਥ: ਸਤਿਗੁਰੂ ਗੋਬਿੰਦ ਸਿੰਘ ਜੀ ਫੁਰਮਾਉਂਦੇ ਹਨ - ਜੋ ਮੇਰੇ ਆਪਣੇ ਪਰਮੇਸ਼ਰ ਨੇ ਮੈਨੂੰ ਕਿਹਾ ਹੈ, ਉਹੀ ਮੈਂ ਸਾਰੇ ਸੰਸਾਰ ਨੂੰ ਦੱਸਾਂਗਾ। ਜਿਹੜੇ ਉਸ ਅਕਾਲ ਪੁਰਖ ਦਾ ਸਿਮਰਨ ਕਰਨਗੇ ਉਹ ਅੰਤ ਵਿਚ ਸਵਰਗਾਂ ਨੂੰ ਜਾਣਗੇ।

## ਦੋਹਰਾ॥

**ਹਰਿ ਹਰਿ ਜਨ ਦੁਈ ਏਕ ਹੈ ਬਿਬ ਬਿਚਾਰ ਕਛੁ ਨਾਹਿ॥**
**ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ॥੬੦॥**

ਸ਼ਬਦਾਰਥ: ਦੁਈ - ਦੋਵੇਂ। ਬਿਬ - ਭੇਦ, ਫਰਕ। ਤਰੰਗ - ਲਹਿਰ।

ਭਾਵਾਰਥ: ਉਹ ਅਕਾਲ ਪੁਰਖ ਅਤੇ ਉਸਦੇ ਪਿਆਰੇ ਭਗਤ ਦੋਵੇਂ ਇਕ ਹੀ ਹਨ। ਉਹਨਾਂ ਦਾ ਆਪਸ ਵਿਚ ਕੋਈ ਭੇਦ ਭਾਵ ਨਹੀਂ। ਜਿਸ ਤਰ੍ਹਾਂ ਜਲ ਤੋਂ ਲਹਿਰਾਂ ਪੈਦਾ ਹੁੰਦੀਆਂ ਹਨ ਅਤੇ ਉਸੇ ਜਲ ਵਿਚ ਹੀ ਲੀਨ ਹੋ ਜਾਂਦੀਆਂ ਹਨ, ਇਸੇ ਤਰ੍ਹਾਂ ਹਰਿ ਦੇ ਸੇਵਕ ਆਪਸ ਵਿਚ ਇਕਮਿਕ ਹਨ।

## ਚੌਪਈ॥

**ਜੇ ਜੇ ਬਾਦਿ ਕਰਤ ਹੰਕਾਰਾ॥**
**ਤਿਨ ਤੇ ਭਿੰਨ ਰਹਤ ਕਰਤਾਰਾ॥**
**ਬੇਦ ਕਤੇਬ ਬਿਖੈ ਹਰਿ ਨਾਹੀ॥**
**ਜਾਨਿ ਲੇਹੁ ਹਰਿ ਜਨ ਮਨ ਮਾਹੀ॥੬੧॥**

ਸ਼ਬਦਾਰਥ: ਬਾਦਿ - ਵਾਧੂ ਬਹਿਸ। ਭਿੰਨ - ਨਿਆਰਾ।

ਭਾਵਾਰਥ: ਜਿਹੜੇ ਮਨੁਖ ਵਾਧੂ ਵਾਦ-ਵਿਵਾਦ ਕਰਦੇ ਹਨ ਉਹਨਾਂ ਕੋਲੋਂ ਅਕਾਲ ਪੁਰਖ ਸਦਾ ਦੂਰ ਰਹਿੰਦਾ ਹੈ। ਵੇਦ ਅਤੇ ਕਤੇਬਾਂ ਅਤੇ ਹੋਰ ਧਰਮ ਸ਼ਾਸ਼ਤਰਾਂ ਵਿਚ ਪ੍ਰਭੂ ਨਹੀਂ ਲਭਦਾ। ਐ ਅਕਾਲ ਪੁਰਖ ਪ੍ਰਭੂ ਦੇ ਪਿਆਰਿਓ, ਤੁਸੀ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝ ਲਓ।

**ਆਂਖ ਮੂੰਦਿ ਕੋਊ ਡਿੰਭ ਦਿਖਾਵੈ॥**
**ਆਂਧਰ ਕੀ ਪਦਵੀ ਕਹ ਪਾਵੈ॥**
**ਆਂਖਿ ਮੀਚ ਮਗ ਸੂਝ ਨ ਜਾਈ॥**
**ਤਾਹਿ ਅਨੰਤ ਮਿਲੈ ਕਿਮ ਭਾਈ॥੬੨॥**

ਸ਼ਬਦਾਰਥ: ਆਂਧਰ - ਅੰਨ੍ਹਾ।

ਭਾਵਾਰਥ: ਜਿਹੜਾ ਅੱਖਾਂ ਬੰਦ ਕਰਕੇ ਪਾਖੰਡ ਵਿਖਾਉਂਦਾ ਹੈ, ਉਹ ਅੰਨ੍ਹੇ ਦੀ ਪਦਵੀ ਨੂੰ ਪ੍ਰਾਪਤ ਕਰਦਾ ਹੈ। ਅੱਖਾਂ ਬੰਦ ਕਰਕੇ ਟੁਰਨ ਤੇ ਕੋਈ ਰਸਤਾ ਨਹੀਂ ਲੱਭ ਸਕਦਾ, ਫਿਰ ਭਾਈ ਉਸ ਅਕਾਲ ਪੁਰਖ ਨੂੰ ਕਿਵੇਂ ਪ੍ਰਾਪਤ ਕਰ ਸਕੇਂਗਾ ?

**ਬਹੁ ਬਿਸਥਾਰ ਕਹ ਲਉ ਕੋਈ ਕਹੈ॥**
**ਸਮਝਤ ਬਾਤਿ ਥਕਤਿ ਹੁਐ ਰਹੈ॥**
**ਰਸਨਾ ਧਰੈ ਕਈ ਜੋ ਕੋਟਾ॥**
**ਤਦਪ ਗਨਤ ਤਿਹ ਪਰਤ ਸੁ ਤੋਟਾ॥੬੩॥**

ਸ਼ਬਦਾਰਥ: ਲਉ - ਕਿਥੋਂ ਤੱਕ। ਥਕਤ - ਥੱਕ ਜਾਣਾ। ਕੋਟਾ - ਕਰੋੜ। ਤਦਪ - ਤਦ ਵੀ।

ਭਾਵਾਰਥ: ਇਹ ਬਹੁਤ ਵਿਸਥਾਰ ਹੈ, ਕੋਈ ਕਿਥੇ ਤਕ ਕਹੇਗਾ ? ਇਸ ਗੱਲੋਂ ਜਦੋਂ ਉਸਨੂੰ ਕੁਝ ਥੋੜ੍ਹਾ ਬਹੁਤ ਸਮਝ ਵਿਚ ਆਉਂਦਾ ਹੈ, ਤਾਂ ਉਹ ਥੱਕ ਹਾਰਕੇ ਚੁੱਪ ਕਰਕੇ ਬਹਿ ਜਾਂਦਾ ਹੈ। ਜੇਕਰ ਕੋਈ ਕਰੋੜਾਂ ਜੀਭਾਂ ਵੀ ਧਾਰਣ ਕਰ ਲਵੇ ਤਾਂ ਵੀ ਉਸ ਦੀ ਗਿਣਤੀ ਕਰਦਿਆਂ ਨਹੀਂ ਆਵੇਗੀ।

## ਦੋਹਰਾ॥

**ਜਬ ਆਇਸੁ ਪ੍ਰਭ ਕੋ ਭਯੋ ਜਨਮੁ ਧਰਾ ਜਗ ਆਇ॥**
**ਅਬ ਮੈ ਕਥਾ ਸੰਛੇਪ ਤੇ ਸਭਹੂੰ ਕਹਤ ਸੁਨਾਇ॥੬੪॥**

ਸ਼ਬਦਾਰਥ: ਸੰਛੇਪ - ਥੋੜ੍ਹੇ ਵਿਚ। ਆਇਸੁ - ਹੁਕਮ।


Sri Satguru Jagjit Singh Ji eLibrary NamdhariElibrary@gmail.com

**ਭਾਵਾਰਥ:** ਜਦੋਂ ਅਕਾਲ ਪੁਰਖ ਪ੍ਰਭੂ ਦਾ ਹੁਕਮ ਹੋ ਗਿਆ ਤੇ ਮੈਂ ਇਸ ਸੰਸਾਰ ਵਿਚ ਆ ਕੇ ਜਨਮ ਧਾਰਣ ਕਰ ਲਿਆ। ਹੁਣ ਮੈਂ ਅਗਲੀ ਕਥਾ ਨੂੰ ਬੜੇ ਸੰਖੇਪ ਰੂਪ ਵਿਚ ਸਾਰਿਆਂ ਨੂੰ ਕਹਿਕੇ ਸੁਣਾਉਂਦਾ ਹਾਂ।

*ਇਤਿ ਸ੍ਰੀ ਬਚਿਤ੍ਰਨਾਟਕ ਗ੍ਰੰਥੇ ਆਗਿਆ ਕਾਲ ਜਗ ਪ੍ਰਵੇਸ ਕਰਨ ਨਾਮ ਖਸਟਮੋ ਧਿਆਇ ਸਮਾਪਤ ਮਸਤੁ ਸੁਭ ਮਸਤੁ ॥੬॥ ਅਫਜੂ ॥੨੭੯॥*

ਇਥੇ ਸੁਹਣੇ ਬਚਿੱਤਰ ਨਾਟਕ ਵਿਚੋਂ ਕਾਲ ਦੀ ਆਗਿਆ ਅਨੁਸਾਰ ਸੰਸਾਰ ਵਿੱਚ ਪ੍ਰਵੇਸ਼ ਕਰਨ ਵਾਲਾ ਛੇਵਾਂ ਅਧਿਆਇ ਸਮਾਪਤ ਹੈ। ਸੁਭ ਹੈ, ਹੋਰ ਕੁਲ ਛੰਦ ੨੭੯ ਪੂਰੇ ਹੋ ਚੁੱਕੇ ਹਨ।

## ਅਧਿਆਇ ੭

## ਅਵਤਾਰ ਧਾਰਨ ਕਰਨਾ

ਇਸ ਅਧਿਆਇ ਵਿੱਚ ਵੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਅਵਤਾਰ ਧਾਰਨ ਬਾਰੇ ਫੁਰਮਾਉਂਦੇ ਹਨ। ਉਹਨਾਂ ਦੇ ਮਾਤਾ-ਪਿਤਾ ਪੂਰਬ ਪਾਸੇ ਵੱਲ ਟੁਰ ਪਏ ਅਤੇ ਅਨੇਕਾਂ ਤਰ੍ਹਾਂ ਦੇ ਤੀਰਥਾਂ ਦਾ ਸਨਾਨ ਕੀਤਾ। ਤ੍ਰਿਬੇਣੀ ਦੇ ਸੰਗਮ ਇਲਾਹਬਾਦ ਵਿਖੇ ਪਹੁੰਚਕੇ ਉਹਨਾਂ ਨੇ ਬਹੁਤ ਹੀ ਪੁੰਨ ਦਾਨ ਕੀਤੇ। ਇਸੇ ਪ੍ਰਤਾਪ ਕਰਕੇ ਗੁਰੂ ਗੋਬਿੰਦ ਸਿੰਘ ਜੀ ਨੇ ਪਟਨਾ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਗ੍ਰਿਹਿ ਵਿਖੇ ਅਵਤਾਰ ਧਾਰਨ ਕੀਤਾ। ਉਥੇ ਉਹਨਾਂ ਨੂੰ ਬੜੇ ਸੁਹਣੇ ਢੰਗ ਨਾਲ ਪਾਲਿਆ ਗਿਆ ਅਤੇ ਭਾਂਤ ਭਾਂਤ ਦੀਆਂ ਸਿੱਖਿਆਵਾਂ ਦਿੱਤੀਆਂ ਗਈਆਂ। ਜਦੋਂ ਸ੍ਰੀ ਗੁਰੂ ਜੀ ਨੇ ਜ਼ਰਾ ਕੁ ਹੋਸ਼ ਸੰਭਾਲੀ ਤਾਂ ਉਹਨਾਂ ਦੇ ਪਿਤਾ ਮਹਾਨ ਬਲੀਦਾਨ ਦੇ ਕੇ ਦੇਵ-ਲੋਕ ਸਿਧਾਰ ਗਏ। ਇਸ ਅਧਿਆਇ ਵਿੱਚ ਤਿੰਨ ਚਉਪਈਆਂ ਹਨ।

***ਹੁਣ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਧਾਰਣ ਦਾ ਵਰਣਨ ਹੋ ਰਿਹਾ ਹੈ।***

**ਚੌਪਈ ॥**

**ਮੁਰ ਪਿਤ ਪੂਰਬ ਕੀਯਸਿ ਪਯਾਨਾ ॥**
**ਭਾਂਤਿ ਭਾਂਤਿ ਕੇ ਤੀਰਥਿ ਨਾਨਾ ॥**
**ਜਬ ਹੀ ਜਾਤ ਤ੍ਰਿਬੇਣੀ ਭਏ ॥**
**ਪੁੰਨ ਦਾਨ ਦਿਨ ਕਰਤ ਬਿਤਏ ॥੧॥**

**ਸ਼ਬਦਾਰਥ:** ਮੁਰ ਪਿਤ - ਮੇਰੇ ਪਿਤਾ। ਪਯਾਨਾ - ਗਏ। ਨਾਨਾ - ਇਸ਼ਨਾਨ ਕਰਨ ਵਾਸਤੇ। ਤ੍ਰਿਬੇਣੀ - ਪ੍ਰਯਾਗ।

**ਭਾਵਾਰਥ:** ਮੇਰੇ ਪਿਤਾ ਨੇ ਪੰਜਾਬ ਤੋਂ ਪੂਰਬ ਦਿਸ਼ਾ ਵੱਲ ਜਾਣ ਦੀ ਤਿਆਰੀ ਕੀਤੀ। ਤਰ੍ਹਾਂ-ਤਰ੍ਹਾਂ ਦੇ ਤੀਰਥਆਂ ਦਾ ਇਸ਼ਨਾਨ ਕਰਨ ਵਾਸਤੇ ਗਏ। ਜਦੋਂ ਉਹ ਗੰਗਾ ਜਮੁਨਾ ਸੁਰਸਵਤੀ ਦੇ ਸੰਗਮ ਤੇ ਇਸ਼ਨਾਨ ਕਰਨ ਵਾਸਤੇ ਪ੍ਰਯਾਗ ਰਾਜ ਪਹੁੰਚੇ ਉੱਥੇ ਪੁੰਨ ਦਾਨ ਕਰਦਿਆਂ ਦਿਨ ਗੁਜ਼ਾਰੇ।

**ਤਹੀ ਪ੍ਰਕਾਸ ਹਮਾਰਾ ਭਯੋ ॥**
**ਪਟਨਾ ਸਹਰ ਬਿਖੈ ਭਵ ਲਯੋ ॥**
**ਮੱਦ੍ਰ ਦੇਸ ਹਮ ਕੋ ਲੇ ਆਏ ॥**
**ਭਾਂਤਿ ਭਾਂਤਿ ਦਾਈਅਨ ਦੁਲਰਾਏ ॥੨॥**

**ਸ਼ਬਦਾਰਥ:** ਪ੍ਰਕਾਸ - ਚਾਨਣ। ਭਵ - ਜਨਮ। ਮੱਦ੍ਰ- ਜਿਹਲਮ ਦਰਿਆ ਦੇ ਵਿਚਕਾਰਲਾ ਦੇਸ਼। ਦਾਇਅਨਿ - ਖਿਡਾਵੀਆਂ ਨੇ। ਦੁਲਰਾਏ - ਲਾਡ ਚਾਅ ਨਾਲ।

**ਭਾਵਾਰਥ:** ਉਥੇ ਹੀ ਸਾਡਾ ਪ੍ਰਕਾਸ਼ ਹੋਇਆ ਅਤੇ ਪਟਨਾ ਸ਼ਹਿਰ ਵਿਖੇ ਜਨਮ ਧਾਰਣ ਕੀਤਾ। ਫਿਰ ਮੈਨੂੰ ਪੰਜਾਬ ਦੇਸ਼ ਲੈ ਆਂਦਾ ਅਤੇ ਉਥੇ ਤਰ੍ਹਾਂ-ਤਰ੍ਹਾਂ ਨਾਲ ਖਿਡਾਵੀਆਂ ਨੇ ਲਾਡ ਪਿਆਰ ਨਾਲ ਖਿਡਾਇਆ।

**ਕੀਨੀ ਅਨਿਕ ਭਾਂਤਿ ਤਨ ਰੱਛਾ ॥**
**ਦੀਨੀ ਭਾਂਤਿ ਭਾਂਤਿ ਕੀ ਸਿੱਛਾ ॥**
**ਜਬ ਹਮ ਧਰਮ ਕਰਮ ਮੋ ਆਏ ॥**
**ਦੇਵਲੋਕ ਤਬ ਪਿਤਾ ਸਿਧਾਏ ॥੩॥**

**ਸ਼ਬਦਾਰਥ:** ਰੱਛ - ਰਾਖੀ। ਸਿਛਾ - ਸਿਖਿਆ। ਧਰਮ ਕਰਮ - ਧਰਮ ਦੇ ਕਾਰਜ। ਦੇਵ ਲੋਕ - ਸਵਰਗ ਲੋਕ।

**ਭਾਵਾਰਥ:** ਉਹਨਾਂ ਨੇ ਮੇਰੇ ਸਰੀਰ ਦੀ ਅਨੇਕ ਪ੍ਰਕਾਰ ਨਾਲ ਰੱਖਿਆ ਕੀਤੀ ਅਤੇ ਤਰ੍ਹਾਂ-ਤਰ੍ਹਾਂ ਦੀ ਵਿਦਿਆ ਪ੍ਰਦਾਨ ਕੀਤੀ। ਜਦੋਂ ਅਸੀ ਧਰਮ ਦੇ ਕਾਰਜਾਂ ਵਿਚ ਲਗੇ, ਭਾਵ ਹੋਸ਼ ਸੰਭਾਲੀ ਤਾਂ ਉਸ ਵੇਲੇ ਮੇਰੇ ਪਿਤਾ ਜੀ ਸਵਰਗ ਸਿਧਾਰ ਗਏ।

*ਇਤਿ ਸ੍ਰੀ ਬਚਿਤ੍ਰਨਾਟਕ ਗ੍ਰੰਥੇ ਨਾਮ ਸਪਤਮੋ ਧਿਆਇ ਸਮਾਪਤ ਮਸਤੁ ਸੁਭ ਮਸਤੁ ॥੭॥੨੮੨॥*

ਇਥੇ ਹੁਣ ਸੁਹਣੇ ਬਚਿਤ੍ਰ ਨਾਟਕ ਗ੍ਰੰਥ ਵਿਚ ਪ੍ਰਸਿਧ ਕਵੀ ਦੇ ਜਨਮ ਨੂੰ ਕਹਿਣ ਵਾਲਾ ਅਧਿਆਇ ਸਮਾਪਤ ਹੈ, ਸੁਭ ਹੈ, ਹੋਰ ੨੮੨ ਛੰਦ ਇਥੇ ਆ ਚੁੱਕੇ ਹਨ।

(ਚਲਦਾ)


Sri Satguru Jagjit Singh Ji eLibrary NamdhariElibrary@gmail.com











# ਵਰਿਆਮ ਦਾ ਸਫ਼ਰ

## ੧੯੭੫ ਤੋਂ ੨੦੦੦







Sri Satguru Jagjit Singh Ji eLibrary NamdhariElibrary@gmail.com

# ਵਰਿਆਮ ਦਾ ਸਫ਼ਰ



੧੯੭੫ ਤੋਂ ੨੦੦੦

Sri Satguru Jagjit Singh Ji eLibrary NamdhariElibrary@gmail.com

# ਵਰਿਆਮ ਦਾ ਸਫ਼ਰ




੧੯੭੫ ਤੋਂ ੨੦੦੦

Sri Satguru Jagjit Singh Ji eLibrary NamdhariElibrary@gmail.com

# ਵਰਿਆਮ ਦਾ ਸਫ਼ਰ




੧੯੭੫ ਤੋਂ ੨੦੦੦

Sri Satguru Jagjit Singh Ji eLibrary NamdhariElibrary@gmail.com

# ਵਿਰਲੀ-ਟਾਂਵੀਂ ਬਾਤ ਦਾ ਨਾਇਕ

—*ਨਿੰਦਰ ਘੁਗਿਆਣਵੀ*

ਸਾਡੇ ਪਿੰਡ ਨੇੜੇ, ਸਾਹਿਤ ਸਭਾ ਗੋਲੇਵਾਲਾ ਦਾ ਸਲਾਨਾ ਸਮਾਗਮ ਸੀ। ਪੰਜਾਬੀ ਸਾਹਿਤ ਦੇ ਬਾਬਾ ਬੋਹੜ ਪ੍ਰਿੰ. ਸੰਤ ਸਿੰਘ ਸੇਖੋਂ, ਜਸਵੰਤ ਸਿੰਘ ਕੰਵਲ, ਇੰਦਰਜੀਤ ਹਸਨਪੁਰੀ ਅਤੇ ਦੇਵ ਥਰੀਕਿਆਂ ਵਾਲਾ ਵੀ ਮੰਚ ਉਤੇ ਬੈਠੇ ਹੋਏ ਸਨ। ਸਰੋਤਿਆਂ ਦੇ ਖਚਾਖਚ ਭਰੇ ਹਾਲ ਵਿੱਚ ਇੱਕ ਮਾੜੂਆ ਜਿਹਾ ਬੁਢੜਾ, ਜੀਹਦੇ ਮੈਲ਼ਾ ਜਿਹਾ ਕੁੜਤਾ-ਪਜਾਮਾ ਪਾਇਆ ਹੋਇਆ ਸੀ, ਤੂੰਬੀ ਫੜਕੇ ਗਾ ਰਿਹਾ ਸੀ:

ਸਾਡਾ ਐਵੇਂ ਤੇ ਨੀ ਹੋਇਆ<br>
ਇਹ ਫ਼ਕੀਰਾਂ ਵਾਲਾ ਹਾਲ<br>
ਲੋਕੋ ਡਾਹਢੀ ਠੱਗੀ ਕੀਤੀ ਏ<br>
ਨਸੀਬਾਂ ਮੇਰੇ ਨਾਲ<br>
ਕਦੇ ਹੁੰਦੀਆਂ ਸੀ ਚਹੁੰ ਪਾਸੀਂ<br>
ਸਾਨੂੰ ਵੀ ਸਲਾਮਾਂ<br>
ਕਿਤੇ ਚੜ੍ਹ ਜਾਂਦਾ ਦਿਨ<br>
ਕਿਤੇ ਪੈਂਦੀਆਂ ਸੀ ਸ਼ਾਮਾਂ<br>
ਸਾਨੂੰ ਕੱਢ ਦਿੱਤਾ ਇੰਝ<br>
ਜਿਵੇਂ ਮੱਖਣੀ 'ਚੋਂ ਵਾਲ<br>
ਲੋਕੋ ਡਾਹਢੀ ਠੱਗੀ ਕੀਤੀ ਏ<br>
ਨਸੀਬਾਂ ਮੇਰੇ ਨਾਲ.........

ਮੈਨੂੰ ਸ਼ਾਇਰ ਨਿਰਮੋਹੀ ਫਰੀਦਕੋਟੀ ਨੇ ਦੱਸਿਆ, "ਏਹ ਆਪਣੇ ਸਮੇਂ ਦਾ ਮਸ਼ਹੂਰ ਗਵੱਈਆ ਐ ਚਾਂਦੀ ਰਾਮ ਚਾਂਦੀ...... ਹੁਣ ਰੁਲਦਾ ਫਿਰਦੈ, ਕੋਈ ਨੀ ਪੁਛਦਾ ਵਿਚਾਰੇ ਨੂੰ। ਟੱਬਰ ਮਰ ਗਿਆ, 'ਕੱਲਾ ਰਹਿ ਗਿਐ। ਸ਼ਰਾਬ ਦੇ ਆਸਰੇ ਜੀਂਦਾ ਐ, ਬੜੀ ਗੁੱਡੀ ਚੜ੍ਹੀ ਰਹੀ ਐ ਏਹਦੀ ਕਿਸੇ ਸਮੇਂ। ਸ਼ਾਂਤੀ ਦੇਵੀ ਏਹਦੇ ਘਰ ਵਾਲੀ ਸੀ ਤੇ ਉਹਦੇ ਨਾਲ ਗਾਏ ਏਹਦੇ ਦੋਗਾਣੇ ਦੁਨੀਆਂ ਭਰ 'ਚ ਬੜੇ ਮਸ਼ਹੂਰ ਹੋਏ।"

ਜਦੋਂ ਚਾਂਦੀ ਰਾਮ ਉਪਰੋਕਤ ਗੀਤ ਗਾ ਰਿਹਾ ਸੀ ਤਾਂ ਉਹਦੀਆਂ ਅੱਖਾਂ ਵਿਚ ਹੰਝੂ ਸਨ। ਸੁਰੀਲੀ ਆਵਾਜ਼ ਕੰਬਦੀ ਸੀ। ਤੂੰਬੀ ਵਜਾਉਂਦੇ ਦੀ ਉਂਗਲੀ ਅੜਦੀ ਸੀ। ਉਹਦੇ ਪਾਏ ਹੋਏ ਮੈਲ਼ੇ ਕਪੜੇ ਦਸਦੇ ਸਨ ਕਿ ਉਹ ਸੱਚਮੁੱਚ ਹੀ ਰੁਲਿਆ ਫਿਰਦਾ ਹੈ, ਨਹਾਣ-ਧੋਣ ਜਾਂ ਪਹਿਨਣ-ਪਰਚਣ ਵੱਲੋਂ ਧਿਆਨ ਟੁੱਟ ਚੁੱਕਾ ਹੈ। ਖ਼ੈਰ, ਹਾਜ਼ਰ ਸਰੋਤਿਆਂ ਨੇ ਉਹਨੂੰ ਰੁਪੱਈਏ ਦੇ ਕੇ ਉਹਦਾ ਮਾਣ ਕੀਤਾ। ਆਪਣਾ ਗੀਤ ਮੁਕਾ ਕੇ ਉਹ ਮੰਚ ਤੋਂ ਹੇਠਾਂ ਆ ਗਿਆ। ਜਦ ਸਮਾਰੋਹ ਖਤਮ ਹੋਇਆ ਤਾਂ ਹਾਲ ਦੇ ਬਾਹਰ ਧਰਮਸ਼ਾਲਾ ਦੇ ਵਿਹੜੇ ਵਿਚ ਨਿੰਮ ਹੇਠਾਂ ਚਾਂਦੀ ਰਾਮ ਮੰਜੀ ਉੱਤੇ ਬੈਠਿਆ ਰੋਟੀ ਖਾ ਰਿਹਾ ਸੀ। ਫਿਰੋਜ਼ਪੁਰ ਵਾਲਾ ਕੁਲਵੰਤ ਸਿੰਘ ਲਹਿਰੀ ਬੁਰਕੀਆਂ ਤੋੜ-ਤੋੜਕੇ ਉਹਦੇ ਮੂੰਹ 'ਚ ਪਾਈ ਜਾਵੇ.........ਤੇ ਚਾਂਦੀ ਰਾਮ ਬੁਰਕੀ ਚਬਲ ਚਬਲ ਕੇ ਬਾਹਰ ਸੁੱਟੀ ਜਾਵੇ, ਉਹ ਅੰਨ ਖਰਾਬ ਕਰ ਰਿਹਾ ਸੀ। ਲੋਕ ਦੇਖ ਰਹੇ ਸਨ। ਸ਼ਰਾਬ ਉਹਨੇ ਗਾ ਹਟਣ ਮਗਰੋਂ ਵੀ ਪੀਤੀ ਸੀ ਤੇ ਹੁਣ ਵੀ ਉਹਦੇ ਕੋਲ ਬੋਤਲ ਪਈ ਸੀ, ਪੈੱਗ ਪਾਇਆ ਹੋਇਆ ਸੀ। ਮੈਨੂੰ ਧੁੰਦਲਾ ਜਿਹਾ ਚੇਤਾ ਆ ਰਿਹੈ ਕਿ ੧੯੮੯ ਜਾਂ ੯੦ ਦੀ ਗੱਲ ਹੈ, ਲੁਧਿਆਣੇ ਉਸਤਾਦ ਯਮਲਾ ਜੱਟ ਜੀ ਦੇ ਡੇਰੇ ਸਲਾਨਾ ਮੇਲੇ ਪੀਰ ਕਟੋਰੇ ਸ਼ਾਹ ਦੇ ਉਰਸ 'ਤੇ ਚਾਂਦੀ ਰਾਮ ਨੂੰ ਦੇਖਿਆ ਸੀ। ਗਾਉਣ ਵਾਲੇ ਬਹੁਤੇ ਸਨ, ਟਾਈਮ ਪਿਛੇ ਲੜ ਰਹੇ ਸਨ। ਚਾਂਦੀ ਰਾਮ ਗਾਉਣ ਲਈ ਉੱਠਿਆ ਤਾਂ ਰੌਲਾ ਪੈ ਗਿਆ। ਫਿਰ ਉਸਤਾਦ ਯਮਲਾ ਜੀ ਆਪ ਸਟੇਜ ਉੱਤੇ ਚੜ੍ਹੇ ਤੇ ਉਹਨਾਂ ਮਾਈਕ ਰਾਹੀਂ ਆਖਿਆ, "ਠਹਿਰੋ ਬਈ ਠਹਿਰੋ, ਰੌਲ਼ੀ ਨਾ ਪਾਵੋ! ਚਾਂਦੀ ਰਾਮ ਤੇ ਘਰ ਦਾ ਬੰਦਾ ਏ! ਜੇਹੜੇ ਸੱਜਣ ਬਾਹਰੋਂ ਆਏ ਨੇ ਪਹਿਲੋਂ ਉਹ ਭੁਗਤਾ ਲਵੋ, ਏਹ ਫੇਰ ਗਾ ਲਵੇਗਾ।" ਤੇ ਏਨੀ ਸੁਣ ਕੇ ਚਾਂਦੀ ਰਾਮ ਉਥੋਂ ਟੁਰ ਆਇਆ ਸੀ ਸ਼ਾਇਦ........।

ਚਾਂਦੀ ਰਾਮ ਦਾ ਅੰਤਲਾ ਵੇਲਾ ਬੜਾ ਹੀ ਮਾੜਾ ਰਿਹਾ, ਜਿੰਨੀ ਬੁਰੀ ਤਰ੍ਹਾਂ ਉਹਨੂੰ ਰੁਲਣਾ ਪਿਆ ਸ਼ਾਇਦ ਹੀ ਕਿਸੇ ਨਾਲ ਇਉਂ ਹੋਈ ਹੋਵੇ, ਪਰ ਫਿਰ ਵੀ ਉਹਦੇ ਚੇਲੇ, ਜਿੰਨੀ ਕੁ ਕਿਸੇ ਦੀ ਵਾਹ ਲੱਗੀ, ਉਹਨੂੰ ਸਾਂਭਦੇ ਰਹੇ। ਪਰ ਹਾਲਾਤ ਹੀ ਅਜਿਹੇ ਬਣ ਗਏ ਸਨ ਕਿ ਚਾਂਦੀ ਰਾਮ ਦੀ ਰਹਿਦ-ਖੂੰਦ ਜ਼ਿੰਦਗੀ ਮਾੜੀ ਤੋਂ ਮਾੜੀ ਹੁੰਦੀ ਗਈ, ਭੋਰਾ ਵੀ ਸੁਧਰ ਨਾ ਸਕੀ। ਅਜੋਕੇ ਗਾਇਕਾਂ ਤੇ ਗਾਇਕਾਵਾਂ 'ਚੋ ਬਹੁਤੇ ਉਹਦੇ 'ਤੇ ਹਸਦੇ ਹੁੰਦੇ। ਕਲਾਕਾਰਾਂ ਨੇ ਤਾਂ ਹੱਸਣਾ ਹੀ ਸੀ ਸਗੋਂ ਸਮਾਂ ਵੀ ਉਸ ਉਤੇ ਹਸਦਾ ਲਗਦਾ! ਕਿਹਾ ਜਾਂਦਾ ਹੈ ਕਿ ਜਦੋਂ ਕਿਸੇ ਦੀ ਚੜ੍ਹਾਈ ਹੁੰਦੀ ਹੈ ਤਾਂ ਸਮਾਂ ਉਦੋਂ ਵੀ ਹਸਦਾ ਹੈ ਤੇ ਜਦੋਂ ਕਿਸੇ ਦਾ ਪਤਨ ਹੁੰਦਾ ਹੈ ਸਮਾਂ ਉਦੋਂ ਵੀ ਹਸਦਾ ਹੈ, ਕਦੀ ਕਿਸੇ ਨਾਲ ਰੋਂਦਾ ਨਹੀਂ ਹੈ।

ਜਦੋਂ ਚਾਂਦੀ ਰਾਮ ਦੀ ਚੜ੍ਹਤ ਸੀ, ਬੱਲੇ-ਬੱਲੇ ਸੀ, ਉਹਦੇ


Sri Satguru Jagjit Singh Ji eLibrary NamdhariElibrary@gmail.com

ਕੋਲ ਸਭ ਸੁਖ-ਸਹੂਲਤਾਂ ਸਨ, ਪੈਸੇ ਰੱਜਵੇਂ ਸਨ, ਸ਼ਾਨਦਾਰ ਕੋਠੀ ਸੀ, ਨੌਕਰ ਸਨ। ਉਦੋਂ ਉਹਨੂੰ ਫ਼ਤੂਰ ਵੀ ਬੜੀ ਸੌਖੀ ਤਰ੍ਹਾਂ ਚੜ੍ਹਿਆ ਸੀ। ੬੦-੬੧ ਦੀਆਂ ਗੱਲਾਂ ਹਨ ਜਦੋਂ ਉਹਦੀ ਮਸ਼ਹੂਰੀ ਸਿਖ਼ਰਾਂ ਦੇ ਸੀ, ਸ਼ਰਾਬ ਉਹ ਡੱਕ-ਡੱਕ ਕੇ ਪੀਂਦਾ ਬੇਹਿਸਾਬੀ! ਜਦ ਕਿਸੇ ਨੇ ਮਿਲਣ ਜਾਣਾ ਤਾਂ ਗੋਰਖੇ ਨੌਕਰ ਨੇ ਆਖਣਾ "ਸਾਹਬ ਤੋਂ ਸੋਏ ਹੁਏ ਹੈ ............ ਅਬ ਨਹੀਂ ਮਿਲ ਸਕਤੇ।"

ਚਾਂਦੀ ਰਾਮ ਦੇ ਲਾਗੇ ਰਹੇ ਕਲਾਕਾਰ ਤਾਂ ਇਹ ਵੀ ਦਸਦੇ ਹਨ ਕਿ ਚਾਂਦੀ ਰਾਮ ਜਦੋਂ ਸਿਗਰਟ ਸੁਲਗਾਉਂਦਾ ਤਾਂ ਪਹਿਲੋਂ ਦਸਾਂ ਦੇ ਨੋਟ ਨੂੰ ਤੀਲੀ ਲਾਉਂਦਾ ਤੇ ਫੇਰ ਅੱਗੋ ਸਿਗਰਟ ਨੂੰ, ਪਤਾ ਨਹੀਂ, ਇਸ ਗੱਲ ਵਿੱਚ ਕਿੰਨਾ ਕੁ ਸੱਚ ਹੈ?

ਜਦੋਂ ਚਾਂਦੀ ਰਾਮ ਤੇ ਸ਼ਾਂਤੀ ਦੇਵੀ ਦਾ ਖਾੜਾ ਲਗਣਾ ਹੁੰਦਾ ਤਾਂ ਅਠਾਰਾਂ-ਅਠਾਰਾਂ ਕੋਹ ਪੈਰੀਂ ਪੈਂਡਾ ਮਾਰਕੇ ਲੋਕ ਉਸਨੂੰ ਸੁਣਨ ਲਈ ਅੱਪੜਦੇ! ਤਿੰਨ-ਤਿੰਨ ਦਿਨ ਪਹਿਲੋਂ ਹੀ ਨੇੜੇ-ਨੇੜੇ ਦੇ ਪਿੰਡਾਂ ਵਿੱਚ ਗੱਲ ਧੁੰਮ ਜਾਣੀ ਬਈ ਫਲਾਣੇ ਪਿੰਡ ਚਾਂਦੀ ਤੇ ਸ਼ਾਂਤੀ ਦੇਵੀ ਦਾ ਖਾੜਾ ਲੱਗਣੈ। ਲੋਕਾਂ ਦਾ ਏਨਾ ਭਾਰੀ ਇੱਕਠ ਆ ਜੁੜਦਾ ਕਿ ਕੰਧਾਂ ਕੌਲੇ, ਛੱਤਾਂ ਲੋਕਾਂ ਨਾਲ ਭਰੀਆਂ ਹੀ ਹੁੰਦੀਆਂ ਜਿਵੇਂ ਕਿਤੇ ਤਿਲ ਸੁੱਟਣ ਨੂੰ ਥਾਂ ਲੱਭੀ ਨਾ ਲਭਦੀ! ਫੀਸ ਉਦੋਂ ਉਹ ਦੋ ਘੰਟੇ ਗਾਉਣ ਦੀ ਛੇ ਸੌ ਰੁਪੱਈਆ ਲੈਂਦਾ। ਪੈਸਾ ਉਹਨੇ ਬੇਅੰਤ ਕਮਾਇਆ ਐਚ. ਐਮ. ਵੀ. ਕੰਪਨੀ ਵਾਲੇ ਜਿਵੇਂ ਉਹਦਾ ਪਾਣੀ ਭਰਦੇ ਫਿਰਦੇ ਪਰ ਚਾਂਦੀ ਰਾਮ ਨੇ ਸ਼ੁਹਰਤ ਤੇ ਪੈਸੇ ਦੀ ਕਦਰ ਨਹੀਂ ਕੀਤੀ, ਸੰਭਾਲ ਨਾ ਹੋਇਆ ਉਸ ਤੋਂ ਇਹ ਸਭ ਕੁਝ! ਭੰਗ ਦੇ ਭਾੜੇ ਗਿਆ।

ਐਚ. ਐਮ. ਵੀ. 'ਚ ਰਿਕਾਰਡ ਉਹਦੇ ਤਵੇ ਜਦੋਂ ਛੱਤਾਂ ਉੱਤੇ ਖੜਵੇਂ ਲੋਟ ਜੋੜਵੇਂ ਮੰਜਿਆਂ ਉੱਤੇ ਬੱਧੇ ਸਪੀਕਰਾਂ ਵਿਚਦੀ ਗੂੰਜਦੇ ਤਾਂ ਜਿਵੇਂ ਸਮੁੱਚਾ ਆਲ਼ਾ-ਦੁਆਲ਼ਾ ਵੀ ਕੀਲਿਆ ਜਾਂਦਾ। ਗਾਇਕ ਕੁਲਵਿੰਦਰ ਕੰਵਲ ਨੇ ਗਲ ਸੁਣਾਈ ਕਿ ਇਕ ਵਾਰ ਚਾਂਦੀ ਰਾਮ ਦਾ ਅਖਾੜਾ ਉਹਨਾਂ ਦੇ ਪਿੰਡ ਸ਼ੇਰ ਸਿੰਘ ਵਾਲਾ ਵਿਖੇ ਲੱਗਿਆ। ਬੜੇ ਲੋਕ ਇਕੱਠੇ ਹੋਏ। ਚਾਂਦੀ ਰਾਮ ਤੇ ਸ਼ਾਂਤੀ ਦੋਗਾਣਾ ਗਾ ਰਹੇ ਸਨ। -ਬੁੜੀ ਨੂੰ ਭੌਂਕਣ ਦੇ ਮੇਲਾ ਦੇਖਣ ਚੱਲ—ਜੇ ਨਾਂ ਲਿਆ ਮੇਲੇ ਦਾ ਕੁੱਟ ਕੁੱਟ ਲਾਹਦੂੰ ਖੱਲ।

ਗੀਤ ਨੂੰ ਹੋਰ ਪ੍ਰਭਾਵੀ ਬਨਾਉਣ ਵਾਸਤੇ ਜਦੋਂ ਚਾਂਦੀ ਰਾਮ ਨੇ ਡਰਾਮੇਬਾਜ਼ੀ ਕਰਦਿਆਂ ਆਪਣੇ ਸਾਥੀ ਢੋਲਕੀ ਵਾਲੇ ਨੂੰ ਕਿਹਾ "ਓਏ ਫੜਾਈਂ ਕੇਰਾਂ ਡਾਂਗ ਹੈਥੋਂ।" ਤਾਂ ਦਾਰੂ ਵਿਚ ਟੱਲੀ ਹੋਏ ਗਾਜੇ ਕਲਜੁਗੀ ਨੇ ਆਪਣੀ ਡਾਂਗ ਚਲਾਵੀਂ ਸਟੇਜ ਵੱਲ ਮਾਰੀ ਤੇ ਕਿਹਾ, "ਬਚੀਂ ਚਾਂਦੀ ਰਾਮਾ.....।" ਤੇ ਡਾਂਗ ਚਾਂਦੀ ਰਾਮ ਦੇ ਮੂੰਹ ਤੇ ਜਾ ਵੱਜੀ। ਉਸ ਮਗਰੋਂ ਗਾਜੇ ਕਲਜੁਗੀ ਦਾ ਲੋਕਾਂ ਨੇ ਕੁੱਟ ਕੁੱਟ ਕੇ ਬੁਰਾ ਹਾਲ ਕਰ ਦਿੱਤਾ ਤੇ ਅਖਾੜਾ ਉਥੇ ਹੀ ਖਿੰਡ ਗਿਆ। ਚਾਂਦੀ ਰਾਮ ਦਾ ਜਬ੍ਹਾੜਾ ਸੁੱਜ ਗਿਆ ਸੀ।

ਇਥੇ ਚਾਂਦੀ ਰਾਮ ਤੇ ਸ਼ਾਂਤੀ ਦੇਵੀ ਦੇ ਰਿਕਾਰਡ ਹੋਏ ਪ੍ਰਸਿੱਧ ਗੀਤਾਂ ਦੇ ਵੇਰਵੇ ਦੇਣੇ ਬਣਦੇ ਹਨ, ਲੈ ਜਾ ਛੱਲੀਆਂ ਭੁਨਾ ਲਈਂ ਦਾਣੇ-ਵੇ ਮਿੱਤਰਾਂ ਦੂਰ ਦਿਆਂ, ਮੇਰੀ ਸੱਸ ਨੇ ਮੱਕੀ ਦਾ ਟੁੱਕ ਮਾਰਿਆ ਕਿ ਡੌਲ਼ੇ ਕੋਲੋ ਬਾਂਹ ਭੱਜ ਗਈ, ਚਿੱਤ ਕਰੂ ਮੁਕਲਾਵੇ ਜਾਵਾਂਗੇ, ਉਠਜਾ ਬੰਤੋ ਨੀ ਰੋਟੀ ਲੈ ਜਾ ਬਾਪੂ ਦੀ, ਟਿਕਟਾਂ ਦੋ ਲੈ ਲਈਂ-ਜਿਥੇ ਚੱਲੇਂਗਾ ਚੱਲੂੰਗੀ ਨਾਲ ਤੇਰੇ, ਨਾ ਜਾਹ ਬਰਮ੍ਹਾ ਨੂੰ ਲੇਖ ਜਾਣੇਂਗੇ ਨਾਲੇ, ਧੁੱਪ 'ਚ ਪਕਾਈਆਂ ਰੋਟੀਆਂ-ਰੰਗ ਚੋ ਕੇ ਪਰਾਤ ਵਿੱਚ ਪੈ ਗਿਆ, ਸਬਰ ਵਿਚੋਲੇ ਨੂੰ ਲੜ ਮਧਰੇ ਦੇ ਲਾਈ, ਰੋਟੀ ਹੀਰ ਨੇ ਪਕਾਈ-ਉੱਠ ਖਾ ਲੈ ਮੁੰਡਿਆ, ਨਾ ਤੂੰ ਰੁੱਸ ਰੁੱਸ ਬਹਿ ਸਾਥੋਂ ਹੁੰਦੀਆਂ ਨਾ ਸਹਿ ਗੱਲਾਂ ਤੇਰੀਆਂ, ਗਿੱਟੇ ਗੋਡੇ ਭੰਨ੍ਹ ਦੇਊਂਗਾ। ਧਾਰਮਿਕ ਗੀਤਾਂ ਵਿੱਚ ਵੀ ਚਾਂਦੀ ਰਾਮ ਦਾ ਕੋਈ ਜਵਾਬ ਨਹੀਂ ਸੀ. ਰਾਵੀ ਦਰਿਆ ਪਾਣੀਆਂ ਤੂੰ ਠੋਕਰਾਂ ਨਾ ਮਾਰ ਓਏ ਤੇਰੀ ਗੋਦ ਵਿੱਚ ਬੈਠੀ ਸੱਚੀ ਸਰਕਾਰ ਓਏ, ਸਰਹੰਦ ਦੀਏ ਦੀਵਾਰੇ ਨੀ ਤੂੰ ਏਹ ਕੀ ਕੀਤੇ ਕਾਰੇ ਨੀਂ, ਦਸ਼ਮੇਸ਼ ਪਿਤਾ ਪੁੱਤਰਾ ਦੇ ਦਾਨੀਆਂ - ਧੰਨ ਤੇਰੀਆਂ ਕੁਰਬਾਨੀਆਂ, ਕਲਗੀ ਵਾਲਿਆ ਤੇਰੇ ਚੋਜ ਨਿਆਰੇ ਨੇ, ਕਦਮਾਂ ਵਿੱਚ ਕਣੀਆਂ ਨੂਰ ਦੀਆਂ-ਕਈ ਤਪਦੇ ਸ਼ਹਿਰ ਗਿਰਾਂ ਠਰ ਗਏ।

ਗੀਤਾਂ ਦੀਆਂ ਤਰਜ਼ਾਂ ਏਨੀਆਂ ਸਰਲ ਤੇ ਮਨਮੋਹਣੀਆਂ ਕਿ ਲੋਕਾਂ ਦੇ ਮਨਾਂ 'ਚ ਤਰੰਗਾਂ ਛਿੜਦੀਆਂ! ਪੰਜਾਬੀ ਗਾਇਕੀ ਦੇ ਖੇਤਰ ਵਿੱਚ ਦੋਗਾਣੇ ਗਾਉਣ ਦੀ ਪਿਰਤ ਚਾਂਦੀ ਰਾਮ ਤੇ ਸ਼ਾਂਤੀ ਦੇਵੀ ਦੀ ਜੋੜੀ ਤੋਂ ਹੀ ਬਣੀ ਹੈ. ਬਾਕੀ ਦੀਆਂ ਗਾਇਕ-ਜੋੜੀਆਂ ਉਹਨਾਂ ਤੋਂ ਮਗਰੋਂ ਦੀ ਹੀ ਪੈਦਾਇਸ਼ ਹਨ। ਇਹਨਾਂ ਨੂੰ ਦੇਖਾ-ਦੇਖੀ ਕਈ ਜੋੜੀਆਂ ਬਹੁ-ਪ੍ਰਸਿੱਧ ਹੋਈਆਂ।

ਚਾਂਦੀ ਰਾਮ ਤੂੰਬੀ ਏਨੀ ਮਿਆਰੀ ਟੁਣਕਾਉਂਦਾ ਕਿ ਸਰੋਤੇ ਅੱਸ਼-ਅੱਸ਼ ਕਰਨ ਲੱਗ ਪੈਂਦੇ। ਕੇਰਾਂ ਦੀ ਗੱਲ ਹੈ ਚਾਂਦੀ ਰਾਮ ਉਸਤਾਦ ਯਮਲਾ ਜੀ ਕੋਲ ਗਿਆ, ਸ਼ਰਾਬ 'ਚ ਧੁੱਤ ਸੀ, ਜਾ ਕੇ ਬੋਲਿਆ, "ਯਮਲੇ, ਤੂੰ ਮੈਨੂੰ ਤੂੰਬੀ ਦਾ ਗੁਰ ਦੱਸਣਾਂ ਕਿ ਤੇਰੇ ਗੋਲ਼ੀ ਮਾਰਾਂ ?" ਉਸ ਸਮੇਂ ਉਸਤਾਦ ਜੀ


Sri Satguru Jagjit Singh Ji eLibrary NamdhariElibrary@gmail.com

ਕੋਲ ਉਹਨਾਂ ਦੇ ਕੁਝ ਸ਼ਾਗਿਰਦ ਵੀ ਬੈਠੇ ਉਹਨਾਂ ਦੇ ਲੱਤਾਂ-ਗੋਡੇ ਘੁੱਟ ਰਹੇ ਸਨ। ਚਾਂਦੀ ਰਾਮ ਦੀ ਰੁੱਖੀ ਜਿਹੀ ਬੋਲੀ ਸੁਣਕੇ ਸ਼ਾਗਿਰਦਾਂ ਨੂੰ ਗੁੱਸਾ ਆਉਣਾ ਹੀ ਸੀ। ਜਦ ਉਹ ਚਾਂਦੀ ਰਾਮ ਨੂੰ ਫੜਨ ਲਈ ਉੱਠੇ ਤਾਂ ਉਸਤਾਦ ਜੀ ਬੋਲ ਪਏ, "ਉਏ ਨਾ ਬਈ ਨਾ, ਏਹਨੂੰ ਭਗਤ ਨੂੰ ਕੁਛ ਨੀ ਕਹਿਣਾ ਬੱਚੂ! ਆਪੇ ਸਮਾਂ ਦੱਸੇਗਾ, ਫਕੀਰ ਬੰਦਾ ਏ, ਜਾਣ ਦਿਓ......!

ਕਹਿੰਦੇ ਨੇ ਕਿ ਚਾਂਦੀ ਰਾਮ ਨੂੰ ਉਸਤਾਦ ਯਮਲਾ ਜੱਟ ਨੇ ਤੇ ਉਹਦੇ ਨੇੜਲਿਆਂ ਕਈਆਂ ਬੰਦਿਆਂ ਬੜਾ ਸਮਝਾਇਆ ਪਰ ਉਸਨੇ ਕਿਸੇ ਦੀ ਗੱਲ ਨਾ ਗਾਉਲੀ!

ਮਸ਼ਹੂਰੀ ਦੇ ਦਿਨ ਸਨ ਕਿ ਚਾਂਦੀ ਰਾਮ ਰਾਤ ਕੱਟਣ ਲਈ ਪਿੰਡ ਗਿਆ ਤੇ ਉਥੋਂ ਉਸ ਤੋਂ ਕਤਲ ਹੋ ਗਿਆ ਜਾਂ ਐਵੇਂ ਹੀ ਉਸ ਸਿਰ ਮੜ੍ਹ ਦਿੱਤਾ। ਚਾਂਦੀ ਰਾਮ ਨੂੰ ਜੇਲ੍ਹ ਅੰਦਰ ਡੱਕ ਦਿੱਤਾ ਗਿਆ। ਜਦ ਉਹ ਕੈਦ ਕੱਟ ਕੇ ਬਾਹਰ ਆਇਆ, ਤਾਂ ਉਹ ਸਮਾਂ ਬੀਤ ਚੁੱਕਾ ਸੀ, ਹੋਰ ਬੜੇ ਕਲਾਕਾਰ ਆ ਚੁੱਕੇ ਸਨ ਤੇ ਇੱਕ ਦਿਨ ਸ਼ਾਂਤੀ ਦੇਵੀ ਸਦਾ ਲਈ ਟੁਰਦੀ ਬਣੀ। ਚਾਂਦੀ ਰਾਮ ਸੁੱਕੀ ਕਿੱਕਰ ਵਾਂਗ ਝੰਬਿਆ ਗਿਆ, ਫੇਰ ਤਾਂ ਕੋਈ ਪੱਤ ਹਰਾ ਹੋਇਆ ਹੀ ਨਾ। ਕੋਈ ਕਹੇ, "ਸ਼ਾਂਤੀ ਤੇਲ ਪਾ ਕੇ ਸੜਕੇ ਮਰੀ ਐ।" ਕੋਈ ਕੁਝ ਆਖੇ, ਕੋਈ ਕੁਝ! ਉਸਤਾਦ ਯਮਲਾ ਜੱਟ ਤੇ ਦੀਦਾਰ ਸੰਧੂ ਸ਼ਾਂਤੀ ਦੇਵੀ ਦੀ ਲਾਸ਼ ਨੂੰ ਮਿਸ-ਬਰਾਊਨ ਹਸਪਤਾਲ ਵਿਚੋਂ ਲੈ ਕੇ ਆਏ ਤੇ ਸਸਕਾਰ ਕੀਤਾ।

ਚਾਂਦੀ ਰਾਮ ਸ਼ਾਂਤੀ ਨੂੰ ਯਦ ਕਰ-ਕਰ ਰੋਂਦਾ, ਪਰ ਸ਼ਾਂਤੀ ਨਾ ਲਭਦੀ। ਸ਼ਾਂਤੀ ਗੁਆਚ ਗਈ ਤੇ ਤੜਫਣ ਗਲ ਚੰਬੜ ਗਈ ਸੀ। ਫੇਰ ਉਸਨੇ ਹੋਰ ਵਿਆਹ ਕਰਵਾਇਆ, ਇੱਕ ਮੁੰਡਾ ਜੰਮਿਆ ਤੇ ਉਹ ਜੀਵਨ-ਸਾਥਣ ਵੀ ਤੁਰ ਗਈ, ਚਾਂਦੀ ਰਾਮ ਹੋਰ ਟੁੱਟ ਗਿਆ।

ਉਂਜ ਟੁੱਟ ਤਾਂ ਉਹ ਕਾਫੀ ਸਾਰਾ ਪਹਿਲੋਂ ਹੀ ਗਿਆ ਸੀ, ਹੁਣ ਘਰ-ਬਾਰ ਰੁਲ-ਖੁਲ੍ਹ ਗਿਆ। ਸ਼ਰਾਬ ਵੀ ਲੋਕਾਂ ਪੱਲਿਓਂ ਮੰਗ-ਤੰਗ ਕੇ ਪੀਣ ਲੱਗਿਆ, ਚੇਲਿਆ-ਚਾਟਿਆਂ ਦੇ ਪਿਛੇ ਪੈ ਜਾਂਦਾ, ਲੋਕ ਦੇਖ-ਦੇਖ ਪਾਸਾ ਵੱਟਣ ਲੱਗੇ। ਦਰ-ਦਰ ਠੋਕਰਾਂ ਖਾਂਦਾ। ਬੱਸ ਅੱਡੇ ਤੇ ਹੋਕਰੇ ਮਾਰਦਾ, ਡਰੈਵਰ ਕੰਡੈਕਟਰ ਤਰਸ ਕਰਦੇ ਦਸ-ਦਸ ਰੁਪਈਏ ਦੇ ਦਿੰਦੇ। ਗਾਉਣ ਵਾਲਿਆਂ ਦੇ ਦਫਤਰਾਂ ਵਿੱਚ ਬੇਵਜ੍ਹਾ ਬੈਠਿਆ ਰਹਿੰਦਾ। ਜਦ ਕੋਈ ਸਤਿਕਾਰ ਨਾ ਕਰਦਾ, ਬੁਲਾਉਂਦਾ ਨਾ, ਤਾਂ ਗਾਹਲਾਂ ਦੇਂਦਾ। ਹੁਣ ਚਾਂਦੀ ਰਾਮ ਕੱਖੋਂ ਹੌਲ਼ਾ ਹੋ ਗਿਆ ਸੀ। ਸੁਰਿੰਦਰ ਛਿੰਦਾ ਆਪਣੇ ਨਾਲ ਆਖਾੜਿਆਂ ਤੇ ਲਿਜਾਣ ਲੱਗ ਪਿਆ, ਉਥੇ ਇਕ-ਦੋ ਗੀਤ ਗਾਉਂਦਾ, ਏਨੇ ਨਾਲ ਸ਼ਰਾਬ ਤੇ ਰੋਟੀ-ਪਾਣੀ ਦਾ ਡੰਗ ਜਿਹਾ ਸਰਨ ਲੱਗਿਆ। ਕਦੀ ਉਹ ਕਿਸੇ ਨੂੰ ਆਖਦਾ, "ਮੈਨੂੰ ਸ਼ਰਾਬ ਚਾਹੀਦੀ ਆ, ਮੱਛੀ ਖਾਣ ਨੂੰ ਦਿਲ ਕਰਦੈ! ਮੇਰੀ ਜੁੱਤੀ ਟੁਟਗੀ ਨਵੀਂ ਲੈਦੇ ਯਾਰ! ਰੇਹੜੀਆਂ 'ਤੇ ਖਲੋਤਾ ਉਹ ਸ਼ਰਾਬੀ ਹੋਇਆ ਮੱਛੀ-ਅੰਡੇ ਖਾਂਦਾ-ਖਾਂਦਾ ਕਦੀ ਕਿਸੇ ਅਣਜਾਣ ਨੂੰ ਅਵ੍ਹਾਤਵਾ ਬੋਲ ਦੇਂਦਾ ਤਾਂ ਉਥੋਂ ਧੱਕੇ ਵੀ ਖਾ ਲੈਂਦਾ। ਉਹਦੀ ਇਹ ਸਥਿਤੀ ਦੇਖ ਕੇ ਉਹਦੇ ਪੁਰਾਣੇ ਵਾਕਫ਼ਕਾਰ ਉਹਦੇ 'ਤੇ ਤਰਸ ਖਾਂਦੇ ਪਰ ਕਿਸੇ ਦੀ ਕੋਈ ਪੇਸ਼ ਨਾ ਜਾਂਦੀ। ਚਾਂਦੀ ਰਾਮ ਦੇ ਨੇੜਲੇ ਇਹ ਵੀ ਦਸਦੇ ਹਨ ਕਿ ਜਦੋਂ ਸ਼ਰਾਬ ਪੀ ਕੇ ਸ਼ਾਂਤੀ ਦੇਵੀ ਨੂੰ ਬੁਰੀ ਤਰ੍ਹਾਂ ਕੁਟਣ ਲਗਦਾ ਸੀ ਤਾਂ ਉਹ ਰੋਂਦੀ ਰੋਂਦੀ ਆਖਦੀ ਹੁੰਦੀ ਸੀ, "ਚਾਂਦੀ ਬੰਦਿਆ, ਮੰਗਦਾ ਫਿਰੇਂਗਾ, ਮੈਨੂੰ ਸਤੌਣ ਵਾਲਿਆ............ਦੇਖੀ ਜਾਵੀਂ .........ਵੇ ਨਾ ਮਾਰ ਮੈਨੂੰ।" ਪਰ ਉਹ ਕੁੱਟਣੋ ਨਾ ਹਟਦਾ। ਇੱਕ ਵਾਰ ਐਕਸੀਡੈਂਟ ਵਿੱਚ ਉਹਦੀ ਲੱਤ ਟੁੱਟ ਗਈ ਤੇ ਕਾਫੀ ਸਮਾਂ ਉਹ ਮੰਜੇ ਉਤੇ ਪਿਆ ਰਿਹਾ। ਸ਼ਾਂਤੀ ਵਿਚਾਰੀ ਉਹਦੀ ਸੇਵਾ ਕਰਦੀ ਪਰ ਉਹ ਗਾਹਲਾਂ ਦੇਣੋਂ ਨਾ ਹਟਦਾ, ਆਖਦਾ, "ਕੁੱਤੀਏ ਬੰਦੇ ਆਏ ਆ, ਚਾਹ ਬਣਾ, ਸ਼ਰਾਬ ਮੰਗਵਾ, ਆਹ ਲਿਆ ਅਹੁ ਲਿਆ।" ਉਹ ਲੋਕਾਂ ਵਿਚ ਵੀ ਸ਼ਾਂਤੀ ਦੇਵੀ ਨੂੰ ਕੁੱਤੀ-ਬਿੱਲੀ ਤੇ ਕੰਜਰੀ ਆਖ ਆਖ ਗਾਹਲ੍ਹਾਂ ਦੇਂਦਾ ਭੋਰਾ ਪਰਵਾਹ ਨਾ ਕਰਦਾ। ਸ਼ਾਂਤੀ ਰੋ-ਰੋ ਵੇਲਾ ਕਟਦੀ ਰਹੀ। ਬਹੁਤ ਚੰਗੀ ਸੀ ਸ਼ਾਂਤੀ ਦੇਵੀ।" ਲੋਕ ਦਸਦੇ ਹਨ।

ਜਦੋਂ ਇਹ ਸਭ ਵੇਲੇ ਬੀਤ ਗਏ ਸਨ ਤੇ ਚਾਂਦੀ ਰਾਮ ਆਪਣੇ ਮਿੱਤਰਾਂ ਕੋਲ ਬੈਠਿਆਂ ਭੁੱਬੀਂ ਰੋ-ਰੋ ਆਖਦਾ, "ਮੈਂ ਸ਼ਾਂਤੀ ਵਿਚਾਰੀ ਨੂੰ ਬੜੀ ਸਜ਼ਾ ਦਿੱਤੀ... ਬੜੀ ਤੰਗ ਕੀਤੀ। ਮੈਂ ਹੀ ਕੁੱਤਾ-ਕਮੀਨਾ ਆਂ... ਮੈਨੂੰ ਹੁਣ ਉਹੋ ਸਜ਼ਾ ਮਿਲ ਗਈ...।"

ਚਾਂਦੀ ਰਾਮ ਦਾ ਜਨਮ ੧੯੩੬ ਨੂੰ ਪੱਛਮੀ ਪੰਜਾਬ ਦੇ ਸਰਗੋਧਾ ਜ਼ਿਲ੍ਹੇ ਵਿੱਚ ਪਿੰਡ ਚਾਲੀ ਚੱਕ ਵਿੱਚ ਹੋਇਆ ਸੀ। ਸਕੂਲ ਉਹ ਬਹੁਤ ਨਹੀਂ ਗਿਆ, ਬੱਸ ਲਿਖਣ-ਪੜ੍ਹਨ ਜੋਗਾ ਪੰਜਾਬੀ ਸਿੱਖ ਲਈ। ਏਧਰ ਆਉਣ 'ਤੇ ਉਹਨਾਂ ਨੂੰ ਲੁਧਿਆਣੇ ਨੇੜੇ ਵਲੀਪੁਰ 'ਚ ਜ਼ਮੀਨ ਅਲਾਟ ਹੋਈ। ਆਪਣੇ ਪਿਉ ਸ਼ਰਧਾ ਰਾਮ ਨਾਲ ਖੇਤੀ ਬਾੜੀ 'ਚ ਹੱਥ ਵਟਾਉਂਦਾ। ਜਦੋਂ ਓਹਦੀ ਰੁਚੀ ਖੇਤੀ ਵਿਚ ਨਾ ਲੱਗੀ ਤਾਂ ਲੁਧਿਆਣੇ ਹੀਰੋ ਸਾਈਕਲ ਇੰਡਸਟਰੀ ਵਿਚ ਨਿਕਲ-ਪੋਲਿਸ਼ ਦਾ ਧੰਦਾ ਕਰਨ ਲੱਗਿਆ। ਇਕ ਦਿਨ ਉਥੇ ਉਹਨੂੰ ਗੀਤਕਾਰ ਸਾਜਨ ਰਾਏ ਕੋਟੀ ਮਿਲ ਪਿਆ, ਸਾਜਨ ਉਹਨੀ ਦਿਨੀਂ ਪੱਕਾ ਕਾਮਰੇਡ ਸੀ ਤੇ ਕਮਿਊਨਿਸਟਾਂ ਦੀਆਂ ਕਾਨਫਰੰਸਾਂ ਵਿਚ ਜਾਂਦਾ ਸੀ।


Sri Satguru Jagjit Singh Ji eLibrary NamdhariElibrary@gmail.com

ਚਾਂਦੀ ਰਾਮ ਨੂੰ ਉਹਨੇ ਪ੍ਰੇਰਿਆ ਤੇ ਚਾਂਦੀ ਉਹਦੇ ਨਾਲ ਜਾਣ ਲੱਗ ਪਿਆ। ਜਦੋਂ ਕਾਮਰੇਡਾਂ ਨੇ ਖੁਸ਼-ਹੈਸੀਅਤੀ ਟੈਕਸ ਵਿਰੁੱਧ ਧਰਨੇ-ਮੁਜ਼ਾਹਰੇ ਤੇ ਮੋਰਚੇ ਲਾਏ ਤਾਂ ਕਾਮਰੇਡਾਂ ਨਾਲ ਚਾਂਦੀ ਰਾਮ ਵੀ ਜੇਲ੍ਹ ਅੰਦਰ ਚਲਾ ਗਿਆ। ਤਿੰਨ ਮਹੀਨੇ ਅੰਦਰ ਰਿਹਾ। ਉਥੇ ਅੰਦਰ ਹੀ ਗਾਉਣ ਲੱਗ ਪਿਆ। ਜਦ ਰਿਹਾਅ ਹੋ ਕੇ ਆਇਆ ਤਾਂ ਸ਼ਾਂਤੀ ਦੇਵੀ ਮਿਲ ਗਈ। ਜੋੜੀ ਬਣਾ ਕੇ ਗਾਉਣ ਲੱਗ ਪਏ। ਅਜਿਹੇ ਗੌਣ ਗਾਏ ਕਿ ਧੰਨ-ਧੰਨ੍ਹ ਹੋ ਗਈ, ਛਾ ਗਏ ਜਿਵੇਂ ਚਾਰੇ-ਪਾਸੇ। ਚਾਂਦੀ ਰਾਮ ਨੇ ਕਈ ਗੀਤ ਆਪ ਵੀ ਲਿਖੇ ਪਰ ਬਹੁਤੇ ਗੀਤ ਉਹਨੇ ਨੂਰਪੁਰੀ ਹਸਨਪੁਰੀ, ਦੇਵ ਥਰੀਕਿਆਂ ਵਾਲਾ, ਬਾਬੂ ਸਿੰਘ ਮਾਨ ਮਰਾੜ੍ਹਾਂਵਾਲਾ, ਸਾਜਨ ਰਾਇਕੋਟੀ ਤੇ ਖੁਸ਼ ਦਿਲ ਸਮਰਾਲਵੀ ਦੇ ਲਿਖੇ ਗੀਤ ਗਾਏ। ਉਹਦੇ ਉਂਜ ਗਾਏ ਗੀਤਾਂ ਦੀ ਗਿਣਤੀ ਚਾਰ ਸੌ ਤੋਂ ਵੀ ਵਧੇਰੇ ਹੈ ਪਰ ਰਿਕਾਡਿਡ ਏਨੇ ਨਹੀਂ। ਹੁਣ ਵੀ ਰੇਡਿਉ ਤੋਂ ਸ੍ਰੋਤਿਆਂ ਦੀ ਉਚੇਚੀ ਫਰਮਾਇਸ਼ 'ਤੇ ਗੀਤ ਵਜਦਾ ਹੈ।

ਲੈ ਜਾ ਛੱਲੀਆਂ ਭੁਨਾ ਲਈਂ ਦਾਣੇ
ਵੇ ਮਿੱਤਰਾ ਦੂਰ ਦਿਆ
ਨੀ ਮਿੱਤਰਾਂ ਨੇ ਨਹੀਉ ਚੱਬਣੇ
ਤੇਰੀ ਖੁਸ਼ਕ ਮੱਕੀ ਦੇ ਦਾਣੇ।

ਤਾਂ ਕੌਣ ਪੰਜਾਬੀ ਹੈ ਜੋ ਵਜਦ ਵਿਚ ਆਣ ਕੇ ਝੂੰਮਣ ਨਾ ਲੱਗ ਪੈਂਦਾ ਹੋਵੇ ?

ਜਦ ਚਾਂਦੀ ਰਾਮ ਦੀ ਖਸਤਾ ਹੋ ਚੁੱਕੀ ਹਾਲਤ ਜੱਸੋਵਾਲ ਨੇ ਦੇਖੀ ਤੇ ਉਹਨੂੰ ਸੁਧਾਰਨ ਦੀ ਅਸਫਲ ਕੋਸ਼ਿਸ਼ ਵੀ ਕੀਤੀ, ਆਪਣੇ ਨਾਲ ਸਭਿਆਚਾਰਕ ਮੇਲਿਆਂ 'ਤੇ ਲਿਜਾਣਾ ਸ਼ੁਰੂ ਕੀਤਾ, ਉਥੇ ਉਹ ਏਹੀ ਗੀਤ, "ਸਾਡਾ ਐਵੇਂ ਤੇ ਨੀ ਹੋਇਆ ਏਹ ਫਕੀਰਾਂ ਵਾਲਾ ਹਾਲ" ਗਾਉਂਦਾ, ਤੇ ਰੋਣ ਲੱਗ ਪੈਂਦਾ। ਲੋਕੀ ਤਰਸ ਕਰਦੇ ਤੇ ਪੈਸੇ ਦੇ ਦਿੰਦੇ। ਔਖੀ ਚਾਲੇ ਚਲਦਿਆਂ ਜਿਹੜੇ ਕਲਾਕਾਰ ਚੇਲੇ ਚਾਂਦੀ ਰਾਮ ਨੂੰ ਸਾਂਭਦੇ ਸਨ ਉਹਨਾਂ ਵਿੱਚ ਜਸਵੰਤ ਬਿੱਲ, ਦਿਲਬਰ ਭੱਟੀ, ਮਲਕੀਤ ਧਾਲੀਵਾਲ, ਰਵਿੰਦਰ ਦੀਵਾਨਾ, ਇੰਦਰਜੀਤ ਜ਼ੀਰਾ ਦੇ ਨਾਂ ਪਤਾ ਲੱਗੇ ਹਨ।

੨੯ ਜਨਵਰੀ ੧੯੯੨ ਦੀ ਗੱਲ ਹੈ, ਅਖਬਾਰ ਵਿਚ ਪੜ੍ਹਿਆ ਕਿ ਅੱਜ ਪੰਜਾਬੀ ਸਭਿਆਚਾਰਕ ਮੰਚ ਨੇ ਆਪਣੇ ਮੇਲੇ ਦੌਰਾਨ ਚਾਂਦੀ ਰਾਮ ਨੂੰ ਸਨਮਾਨਣਾ ਹੈ, ਕੁਲਵੰਤ ਸਿੰਘ ਲਹਿਰੀ ਤੋਂ ਉਸਦਾ ਪਤਾ ਪੁੱਛਿਆ ਤਾਂ ਉਸ ਦੱਸਿਆ ਕਿ, "ਚਾਂਦੀ ਰਾਮ ਸੈਂਟਰਲ ਗੁਰਦੁਆਰੇ ਨੇੜੇ ਗੋਬਿੰਦ ਨਗਰ-ਗਲੀ ਨੰ. ੩ 'ਚ ਰਹਿੰਦਾ ਹੈ। ਗਲੀ ਦੇ ਬਾਹਰ ਹੀ ਬੈਠਾ ਮਿਲ ਜਾਵੇ ਥੋਨੂੰ ਨਹੀਂ ਕਿਸੇ ਨੂੰ ਪੁੱਛ ਲਿਓ.. ਉਥੇ ਨਾਲ ਈ ਕਮਰਾ ਹੈ।"

ਮੈਂ ਅਤੇ ਮੇਰਾ ਮਿੱਤਰ ਰਘਬੀਰ ਉੱਧਰ ਨੂੰ ਤੁਰ ਪਏ। ਇਸ ਤੋਂ ਪਹਿਲਾਂ ਕਿ ਅਸੀਂ ਤਿੰਨ ਨੰਬਰ ਗਲੀ 'ਚ ਵੜਦੇ ਚਾਂਦੀ ਰਾਮ ਪਾਟੀ ਜਿਹੀ ਖੇਸੀ ਦੀ ਬੁੱਕਲ ਮਾਰੀ ਤੁਰਿਆ ਆ ਰਿਹਾ ਸੀ। ਮੈਂ ਰਘਬੀਰ ਨੂੰ ਆਖਿਆ, "ਮੈਨੂੰ ਤਾਂ ਔਹੀ ਲਗਦੈ ਤੁਰਿਆ ਆਉਂਦੈ... ਔਹੀ ਐ ਮੈਂ ਗੋਲੇਵਾਲ ਵੇਖਿਆ ਸੀ....ਚਾਂਦੀ ਰਾਮ ਈ ਐ।"

"ਸਤਿ ਸ੍ਰੀ ਅਕਾਲ" ਆਖਣ ਮਗਰੋਂ ਮੈਂ ਦੱਸਿਆ, "ਥੁਆਡੇ ਦਰਸ਼ਨਾਂ ਨੂੰ ਆਏ ਆਂ, ਅੱਜ ਥੁਆਡਾ ਸਨਮਾਨ ਹੋਣੈਂ ਮੇਲੇ 'ਤੇ... ਨਾਲੇ ਮੇਲਾ ਦੇਖਣ ਆਏ ਆਂ।"

ਚਾਂਦੀ ਰਾਮ ਬੋਲਿਆ, "ਮੈਂ ਮੇਲੇ 'ਤੇ ਜਾਣੈਂ, ਲੇਟ ਹੋਜੂੰਗਾ, ਮੈਨੂੰ ਸਨਮਾਨ ਕਰਨੈ... ਅਜੇ ਮੈਂ ਨਹੌਣਾ... ਹੁਣ ਸਾਬਣ ਲੈਣ ਚੱਲਿਆਂ। ਤੁਸੀਂ ਉਥੇ ਈ ਮਿਲ ਲੌਂ ਸ਼ੇਰੋ... ਮੈਂ ਜਾਨਾਂ..।" ਏਨੀ ਕਹਿਕੇ ਚਾਂਦੀ ਰਾਮ ਅੱਗੇ-ਅੱਗੇ ਤੁਰ ਪਿਆ ਤੇ ਅਸੀਂ ਉਹਦੇ ਪਿਛੇ ਪਿਛੇ। ਮੇਲੇ 'ਤੇ ਉਹਦਾ ਸਨਮਾਨ ਹੋਇਆ ਉਸ ਉਹੀ ਗੀਤ ਗਾਇਆ, ਲੋਕਾਂ ਰੁਪਈਏ ਦਿੱਤੇ। ਮੇਲੇ ਮਗਰੋਂ ਜੱਸੋਵਾਲ ਅੱਗੇ ਹੱਥ ਜੋੜੀ ਖਲੋਤਾ ਆਖ ਰਿਹਾ ਸੀ, "ਜੱਸੋਵਾਲ ਜੀ, ਮੇਰਾ ਵੀ ਕੁਛ ਕਰ ਦੋ, ਮੈਂ ਮਰ ਜਾਣਾ, ਕੋਈ ਚਾਰਾ ਨੀ, ਕਿਧਰ ਜਾਵਾਂ।" ਲਾਗੇ ਖੜ੍ਹੇ ਪਰਗਟ ਸਿੰਘ ਗਰੇਵਾਲ ਨੇ ਉਹਨੂੰ ਜੱਫੀ 'ਚ ਲੈ ਕੇ ਆਖਿਆ, "ਚਾਂਦੀ ਰਾਮਾਂ, ਦਿਲ ਰੱਖ, ਰੋਇਆਂ ਕੁਝ ਨੀ ਬਣਨਾ। ਵੇਲਾ ਲੰਘ ਗਿਆ, ਤੂੰ ਸੰਭਾਲਿਆ ਨੀ। ਸਾਰਾ ਪੰਜਾਬ ਤੇਰਾ ਹਮਦਰਦ ਆ...।"

ਚਾਂਦੀ ਰਾਮ ਖਿੱਝਕੇ ਬੋਲਿਆ, "ਹਮਦਰਦੀ ਕੀ ਮੈਂ ਫੂਕਣੀ ਆਂ....। ਮੈਨੂੰ ਕੋਈ ਪੁਛਦਾ ਨੀ।"

ਜਸੋਵਾਲ ਤੇ ਗਰੇਵਾਲ ਪਰ੍ਹੇ ਜਿਹੇ ਨੂੰ ਖਿਸਕ ਗਏ ਸਨ ਮੈਂ ਤੇ ਰਘਬੀਰ ਵੀ ਉਰ੍ਹੇ ਜਿਹੇ ਨੂੰ ਆ ਗਏ ਸਾਂ। ਚਾਂਦੀ ਰਾਮ ਇਕੱਲਾ ਖੜ੍ਹਾ ਸੀ।

ਚਾਂਦੀ ਰਾਮ ਨੂੰ ਏਸ ਦੁਨੀਆ ਤੋਂ ਟੁਰਿਆਂ ਚਾਰ ਵਰ੍ਹੇ ਹੋ ਗਏ ਨੇ, ਕਦੀ-ਕਦੀ ਕਿਤੇ ਕਿਤੇ ਹੀ ਉਹਦੀ ਵਿਰਲੀ ਟਾਂਵੀ ਬਾਤ ਜਿਹੀ ਪੈਂਦੀ ਤਾਂ ਕਿ, "ਕੋਈ ਚਾਂਦੀ ਰਾਮ ਵੀ ਹੁੰਦਾ ਸੀ।" ਇਉਂ ਹੁਣ ਉਹ ਵਿਰਲੀ-ਟਾਂਵੀ ਬਾਤ ਦਾ ਨਾਇਕ ਹੈ। ਉਹ ਸਮਾਂ ਵੀ ਆਇਗਾ ਜਦੋਂ ਉਹਦੀਆਂ ਬਾਤਾਂ ਪਾਉਣ ਵਾਲੇ ਉਹਦੇ ਹਾਣੀ ਬੇਲੀ ਵੀ ਟੁਰ ਜਾਣਗੇ ਤੇ ਫੇਰ ਉਹਦੀਆਂ ਬਾਤਾਂ ਕੌਣ ਪਾਏਗਾ ?

*ਪਿੰਡ. ਤੇ ਡਾਕ. ਘੁਗਿਆਣਾ*
*ਜ਼ਿਲ੍ਹਾ ਤਹਿ. ਫਰੀਦਕੋਟ-੧੫੧੨੦੩*
*੦੧੬੩੯-੨੮੦੭੭*


Sri Satguru Jagjit Singh Ji eLibrary NamdhariElibrary@gmail.com

Our Motto : Best Quality of the Day

## *High Class Gun Manufacturers*

## Single & Double Barrels



# 12-Bore GUNS

## Free India Gun Manufacturers

**Prop. S. KARTAR SINGH (Jammu-Wale)**

6, Industrial Estate, Ashok Nagar,
JAMMU CANTT-3
Ph. : 433810

*Sister Concern :*

**M/S. KARTAR SINGH**
**ARMS & AMMUNITION DEALERS**



Sri Satguru Jagjit Singh Ji eLibrary NamdhariElibrary@gmail.com

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

**ਬੀ.ਬੀ.ਐਲ ਫੂਡਜ਼ ਪ੍ਰਾਈਵੇਟ ਲਿਮਟਡ**

ਸੰਤੋਸ਼ ਨਗਰ 'X' ਰੋਡਜ਼, ਹੈਦਰਾਬਾਦ-500 059

- ਬਿਸਕੁਟ ਬਨਾਉਣ ਦੀਆਂ ਆਟੋਮੈਟਿਕ ਮਸ਼ੀਨਾਂ
- ਵੈ.ਫਰ ਬਨਾਉਣ ਵਾਲੀਆਂ ਆਟੋਮੈਟਿਕ ਮਸ਼ੀਨਾਂ

ਅਤੇ

ਵਧੀਆ ਬਿਸਕੁਟ ਬਨਾਉਣ ਵਾਲੀ

ਹਿੰਦੋਸਤਾਨ ਦੀ ਪਹਿਲੀ ਕੰਪਨੀ

BBL

FOODS PVT. LTD.

*Pinoneer Manufacturer in India of*

- *Automatic machines for producing Biscuits*
- *Automatic machines for producing Wafers*

*and*

*Makers of High quality Biscuits*

***BBL Foods Pvt. LTD.***

*Santosh nagar (X) Roads, Hyderabad-500 059 India*

Ph.:— +91-40-4530680, 82,84 Fax:— +91-40-4530475

E-mail: amber @hd1. vsnl. net. in

**Balvinder Pal Singh**
Managing Director

**Lakhbir Singh Muchhal** Director
**Bakhshish Singh Muchhal** Director



Sri Satguru Jagjit Singh Ji eLibrary NamdhariElibrary@gmail.com

## ਸ੍ਰੀ ਭੈਣੀ ਸਾਹਿਬ ਵਿਚ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਦਿਵਸ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਇਕ ਸੌ ਛਿਆਸੀਵਾਂ ਪ੍ਰਕਾਸ਼ ਉਤਸਵ ਬਸੰਤ ਵਾਲੇ ਦਿਨ ਇਸ ਵਾਰ ੨੯ ਜਨਵਰੀ ੨੦੦੧ ਨੂੰ ਸੀ। ਇਸ ਸੰਬੰਧ ਵਿਚ ਸਤਿਗੁਰੂ ਜੀ ਦੇ ਜਨਮ ਅਸਥਾਨ ਪਿੰਡ ਰਾਈਆਂ ਜ਼ਿਲਾ ਲੁਧਿਆਣਾ ਨੇੜੇ ਸ੍ਰੀ ਭੈਣੀ ਸਾਹਿਬ ਵਿਚ ਬਹੁਤ ਵਿਸ਼ਾਲ ਅਤੇ ਫੁੱਲ ਬੂਟਿਆਂ ਨਾਲ ਸੁਸੱਜਿਤ ਪੰਡਾਲ ਵਾਲੇ ਦੀਵਾਨ ਅਸਥਾਨ ਵਿਚ ਸਤਿਗੁਰੂ ਜੀ ਦੇ ਜੱਸ ਕੀਰਤੀ ਅਤੇ ਇਤਿਹਾਸ ਦਾ ਬਖਾਨ ਕੀਤਾ ਗਿਆ। ਸਮਾਗਮ ਦੇ ਮੁਖ ਬੁਲਾਰੇ ਸਨ ਪੰਜਾਬ ਸਰਕਾਰ ਦੇ ਸੂਚਨਾ ਅਤੇ ਲੋਕ ਸੰਪਰਕ ਮੰਤਰੀ ਅਤੇ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਦੇ ਮੁਖ ਪ੍ਰਤਿਨਿਧ ਸ. ਨੱਥਾ ਸਿੰਘ ਦਾਲਮ, ਜਿਨ੍ਹਾਂ ਨੇ ਸਤਿਗੁਰੂ ਰਾਮ ਸਿੰਘ ਜੀ ਦੀ ਤਸਵੀਰ ਪੰਜਾਬ ਅਸੈਂਬਲੀ ਦੇ ਹਾਲ ਵਿਚ ਬੱਜਟ ਸੈਸ਼ਨ ਤੋਂ ਪਹਿਲਾਂ ਪਹਿਲਾਂ ਲਾ ਦੇਣ ਦਾ ਐਲਾਨ ਕੀਤਾ। ਉਹਨਾਂ ਨੇ ਰਾਈਆਂ ਪਿੰਡ ਦੇ ਵਿਕਾਸ ਵਾਸਤੇ ਵੀ ਲਖਾਂ ਰੁਪਏ ਦੇਣ ਦਾ ਐਲਾਨ ਕੀਤਾ। ਵੱਖ ਵੱਖ ਬੁਲਾਰਿਆਂ ਨੇ ਸਤਿਗੁਰੂ ਜੀ ਦੇ ਵਖ ਵਖ ਪਹਿਲੂਆਂ ਨਾਮਧਾਰੀਆਂ ਦੇ ਸੰਘਰਸ਼ ਮਈ ਇਤਿਹਾਸ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਲੋਕਾਈ ਨੂੰ ਵਡ ਮੁਲੀ ਦੇਣ ਦੀ ਅਪਣੇ ਅਪਣੇ ਅੰਦਾਜ਼ ਵਿਚ ਚਰਚਾ ਕੀਤਾ। ਡਾ. ਸਤਿੰਦਰ ਸਿੰਘ ਮੁਖੀ ਗੁਰੂ ਰਾਮ ਸਿੰਘ ਚੇਅਰ ਗੁਰੂ ਨਾਨਕ ਦੇਵ ਯੂਨੀਵਰਸਟੀ ਨੇ ਅਪਣੇ ਭਾਸ਼ਨ ਵਿਚ ਯੂਨੀਵਰਸਿਟੀ ਵਲੋਂ ਕੀਤੇ ਉਪਰਾਲੇ ਅਤੇ ਭਵਿਖ ਵਿਚ ਸੈਮੀਨਾਰ ਕਰਨ ਅਤੇ ਨਾਮਧਾਰੀ ਇਤਿਹਾਸ ਨੂੰ ਕਲਮ ਅਧੀਨ ਲਿਆਉਣ ਦੇ ਉਦਮ ਦਾ ਬਖਾਣ ਕੀਤਾ। ਪੰਜਾਬ ਮੁਸਲਿਮ ਕੌਂਸਲ ਦੇ ਪ੍ਰਧਾਨ ਸ੍ਰੀ ਅਤੀਕ ਉਲ ਰਹਿਮਾਨ ਨੇ ਨਾਮਧਾਰੀ ਇਤਿਹਾਸ ਦਾ ਮਾਰਮਕ ਵਰਨਣ ਕੀਤਾ। ਉਹਨਾਂ ਇਕ ਭੇਦ ਖੋਹਲਿਆ ਕਿ ਉਹਨਾਂ ਦਾ ਘਰ ਆਜ਼ਾਦੀ ਸੰਗਰਾਮੀਆਂ ਦਾ ਅੱਡਾ ਹੁੰਦਾ ਸੀ ਅਤੇ ਪੰਡਿਤ ਨਹਿਰੂ ਉਥੇ ਠਹਿਰਦੇ ਸਨ। ਉਹਨਾਂ ਦੀ ਡਾਕ ਨਾਮਧਾਰੀ ਸਿੰਘਾਂ ਰਾਹੀਂ ਪਹੁੰਚਾਈ ਜਾਂਦੀ ਸੀ ਸਰਕਾਰ ਦੀਆਂ ਅੱਖਾਂ ਤੋਂ ਉਹਲੇ। ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਵਰਤਮਾਨ ਸਮੇਂ ਦੇ ਮਾਲਕ ਸਤਿਗੁਰੂ ਜਗਜੀਤ ਸਿੰਘ ਜੀ ਦੀ ਉਹਨਾਂ ਦੇ ਪਰਿਵਾਰ ਉਤੇ ਕਿਰਪਾ ਦ੍ਰਿਸ਼ਟੀ ਦਾ ਉਹਨਾਂ ਪ੍ਰਭਾਵਸ਼ਾਲੀ ਢੰਗ ਨਾਲ ਵਰਨਣ ਕੀਤਾ। ਵਰਿਆਮ ਦੇ ਸੰਪਾਦਕ ਸ. ਜਗਦੀਸ਼ ਸਿੰਘ ਨੇ ਇਤਿਹਾਸ ਵਿਚ ਡੂੰਘੇ ਉਤਰਦਿਆਂ ਇਸ ਨੂੰ ਸਮਝਣ ਅਤੇ ਨਵੇਂ ਅਰਥਾਂ ਵਿਚ ਪੇਸ਼ ਕਰਨ ਵਾਸਤੇ ਆਗ੍ਰਹਿ ਕੀਤਾ। ਤਕਰੀਰਾਂ ਦੇ ਲੰਮੇ ਸਿਲਸਲੇ ਵਿਚ ਸ. ਹੀਰਾ ਸਿੰਘ ਗਾਬੜੀਆ ਐਮ. ਐਲ. ਏ. ਜਥੇਦਾਰ ਗੁਰਮੇਲ ਸਿੰਘ ਸੰਗੋਵਾਲ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ. ਕਿਰਪਾਲ ਸਿੰਘ ਖੀਰਣੀਆਂ ਮੈਂਬਰ ਸ਼੍ਰੋਮਣੀ ਕਮੇਟੀ, ਸ੍ਰੀ ਹਰਨਾਮ ਦਾਸ ਜੌਹਰ ਸਾਬਕਾ ਸਪੀਕਰ ਪੰਜਾਬ ਅਸੈਂਬਲੀ, ਪ੍ਰਿੰਸੀਪਲ ਅਜੀਤ ਸਿੰਘ ਚੀਮਾ, ਸੂਬਾ ਮੇਲਾ ਸਿੰਘ, ਸ. ਦਲੀਪ ਸਿੰਘ ਨਾਮਧਾਰੀ ਚੇਅਰਮੈਨ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ, ਪੰਥ ਰਤਨ ਮਾਸਟਰ ਨਿਹਾਲ ਸਿੰਘ ਜੀ, ਸ. ਸੁਖਜੀਤ ਸਿੰਘ ਜੀ ਸਾਹਿਤਕਾਰ, ਸ. ਅਜੀਤ ਸਿੰਘ ਨਾਮਧਾਰੀ, ਸ. ਜਗਜੀਤ ਸਿੰਘ ਘੁੰਗਰਾਣਾ ਸ. ਸਰੂਪ ਸਿੰਘ ਭੁਰਜੀ ਨੇ ਅਪਣੇ ਅਪਣੇ ਸਮੇਂ ਵਿਚ ਖ਼ੂਬਸੂਰਤ ਸ਼ਬਦਾਂ ਅਤੇ ਅੰਦਾਜ਼ ਵਿਚ ਸਤਿਗੁਰੂ ਜੀ ਦੇ ਇਤਿਹਾਸ ਦੇ ਵਖ ਵਖ ਪਹਿਲੂ ਪੇਸ਼ ਕੀਤੇ। ਸੰਤ ਸੁਰਿੰਦਰ ਸਿੰਘ ਨਾਮਧਾਰੀ ਮੀਤ ਪ੍ਰਧਾਨ ਨਾਮਧਾਰੀ ਦਰਬਾਰ ਨੇ ਰਾਈਆਂ ਅਤੇ ਸ੍ਰੀ ਭੈਣੀ ਸਾਹਿਬ ਵਾਸਤੇ ਸਰਕਾਰ ਵਲੋਂ ਕੀਤੇ ਜਾ ਰਹੇ ਵਿਕਾਸ ਕਾਰਜਾਂ ਦਾ ਵਿਸਥਾਰ ਸਹਿਤ ਵਰਨਣ ਕੀਤਾ ਅਤੇ ਭਵਿਖ ਲਈ ਕਾਰਜਾਂ ਦੀ ਰੂਪ ਰੇਖਾ ਬਿਆਨ ਕੀਤੀ। ਅੰਤ ਉਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਰਿਕਾਰਡ ਕੀਤਾ ਹੋਇਆ ਪਾਵਨ ਉਪਦੇਸ਼ ਸੁਣਾਇਆ ਗਿਆ।

ਸ਼ਾਮ ਦੇ ਦੀਵਾਨ ਸ੍ਰੀ ਭੈਣੀ ਸਾਹਿਬ ਸਨ।

ਅਗਲੇ ਦਿਨ ੩੦ ਜਨਵਰੀ ਸ੍ਰੀ ਭੈਣੀ ਸਾਹਿਬ ਵਿਚ ਅੰਮ੍ਰਿਤ ਵੇਲੇ ਸ੍ਰੀ ਆਸਾ ਦੀ ਵਾਰ ਦਾ ਕੀਰਤਨ ਹੋਇਆ ਅਤੇ ਸਾਮੂਹਕ ਅਨੰਦ ਕਾਰਜ ਕੀਤੇ ਗਏ। ਪਾਠਾਂ ਦੇ ਭੋਗ ਪਾ ਕੇ ਮੇਲੇ ਦੀ ਸਮਾਪਤੀ ਕੀਤੀ ਗਈ।

## ਜੰਮੂ ਵਿਖੇ 'ਵਰਿਆਮ' (ਮਾਸਿਕ) ਦਾ ਸਿਲਵਰ ਜੁਬਲੀ ਸਮਾਗਮ

ਮਿਤੀ ੧੮-੨-੨੦੦੧ ਨੂੰ ਨਾਮਧਾਰੀ ਧਰਮਸ਼ਾਲਾ ਜੰਮੂ ਵਿਖੇ ਵਰਿਆਮ (ਮਾਸਿਕ) ਦਾ ਸਿਲਵਰ ਜੁਬਲੀ ਸਮਾਰੋਹ ਆਯੋਜਿਤ ਕੀਤਾ ਗਿਆ। ਇਸ ਸਮਾਰੋਹ ਵਿਚ ਜੰਮੂ-ਕਸ਼ਮੀਰ ਰਾਜ ਦੀਆਂ ਕਈ ਪ੍ਰਤਿਸ਼ਠਿਤ ਹਸਤੀਆਂ ਨੇ ਹਿੱਸਾ ਲਿਆ। ਜੰਮੂ-ਕਸ਼ਮੀਰ ਰਾਜ ਦੀ ਭੂਗੋਲਿਕ ਸਥਿਤੀ ਅਤੇ ਸ. ਜਗਦੀਸ਼ ਸਿੰਘ ਸੰਪਾਦਕ 'ਵਰਿਆਮ' ਦੇ ਜੰਮੂ ਨਾਲ ਪੁਰਾਣੇ ਸੰਬੰਧਾਂ ਕਾਰਨ ਇਸ ਸਮਾਗਮ ਦੀ ਮਹੱਤਤਾ ਹੋਰ ਵੀ ਵਧ ਗਈ ਸੀ। ਸੂਬਾ ਸੁਖਦੇਵ ਸਿੰਘ ਜੀ, ਪ੍ਰਧਾਨ ਸੰਤ ਕਰਤਾਰ ਸਿੰਘ ਅਤੇ ਸੰਤ ਕਰਮ ਸਿੰਘ ਜੀ ਨੇ ਇਸ ਪ੍ਰੋਗਰਾਮ ਨੂੰ ਕਾਮਯਾਬ ਕਰਨ ਲਈ ਵਿਸ਼ੇਸ਼ ਯੋਗਦਾਨ ਪਾਇਆ। ਸੰਤ ਅਮਰ ਸਿੰਘ ਜੀ 'ਕੂਕਾ' ਵਰਗੇ ਮੰਨੇ-ਪ੍ਰਮੰਨੇ ਕਵੀ ਦੇ ਸਾਹਿਤਕ ਖੇਤਰ ਵਿਚ ਰੁਤਬੇ ਕਾਰਨ ਪੰਜਾਬੀ ਭਾਸ਼ਾ ਦੇ ਸਾਹਿਤਕਾਰਾਂ ਨੇ ਵੀ ਵਿਸ਼ੇਸ਼ ਤੌਰ ਤੇ ਹਿੱਸਾ ਲਿਆ। ਵਿਚਾਰ ਪੇਸ਼ ਕਰਨ ਵਾਲਿਆਂ ਵਿਚ ਸ੍ਰੀ ਖ਼ਾਲਿਦ ਹੁਸੈਨ ਰਜਿਸਟਰਾਰ ਸ਼ੇਰੇ ਕਸ਼ਮੀਰ ਯੂਨੀਵਰਸਿਟੀ ਆਫ ਐਗਰੀਕਲਚਰਲ ਸਾਇੰਸਿਸ, ਡਾ. ਦਵਿੰਦਰ ਸਿੰਘ



Sri Satguru Jagjit Singh Ji eLibrary NamdhariElibrary@gmail.com

ਨਿਰਦੇਸ਼ਕ ਕਾਲਜ ਵਿਕਾਸ ਵਿਭਾਗ ਜੰਮੂ ਯੂਨੀਵਰਸਿਟੀ, ਸ੍. ਹਰਦਿਆਲ ਸਿੰਘ 'ਰਹਿਬਰ' ਪ੍ਰਧਾਨ ਪੰਜਾਬੀ ਸਾਹਿਤ ਸੰਗਮ, ਕਾਮਰੇਡ ਹਰੀ ਚੰਦ ਜਲਮੇਰੀਆ ਪ੍ਰਮੁੱਖ ਸੀ. ਪੀ. ਐਮ. ਨੇਤਾ, ਜੰਮੂ ਕਸ਼ਮੀਰ ਸਰਕਾਰ ਵਲੋਂ ਪ੍ਰਕਾਸ਼ਿਤ ਮਾਸਿਕ ਰਸਾਲੇ 'ਸ਼ੀਰਾਜ਼ਾ' ਪੰਜਾਬੀ ਦੇ ਸੰਪਾਦਕ ਅਰਵਿੰਦਰ ਸਿੰਘ 'ਅਮਨ', ਡਾ. ਬਲਜੀਤ ਸਿੰਘ 'ਰੈਣਾ' ਸਕੱਤਰ ਜੰਮੂ-ਕਸ਼ਮੀਰ ਪੰਜਾਬੀ ਲੇਖਕ ਸਭਾ, ਸ੍. ਦੀਦਾਰ ਸਿੰਘ ਸਾਬਕਾ ਸੰਯੁਕਤ ਨਿਰਦੇਸ਼ਕ ਰੇਡੀਓ ਕਸ਼ਮੀਰ ਜੰਮੂ ਅਤੇ ਸਹਿ-ਨਿਰਦੇਸ਼ਕ ਦੂਰਦਰਸ਼ਨ ਕੇਂਦਰ ਜਲੰਧਰ ਆਦਿ ਪ੍ਰਮੁੱਖ ਸਨ। ਇਸ ਵਿਸ਼ੇਸ਼ ਪ੍ਰੋਗਰਾਮ ਵਿਚ ਸ਼ਾਮਿਲ ਹੋਣ ਵਾਸਤੇ ਸਪਤਾਹਿਕ 'ਸਤਿਜੁਗ' ਦੇ ਸੰਪਾਦਕ ਪ੍ਰੋ. ਤਾਰਾ ਸਿੰਘ 'ਅਨਜਾਣ' ਵਿਸ਼ੇਸ਼ ਤੌਰ ਤੇ ਦਿੱਲੀ ਤੋਂ ਪਧਾਰੇ ਸਨ।

ਪ੍ਰੋ. ਤਾਰਾ ਸਿੰਘ 'ਅਨਜਾਣ' ਨੇ ਆਪਣੇ ਦਿਲ ਖਿਚਵੇਂ ਅੰਦਾਜ਼ ਵਿਚ ਨਾਮਧਾਰੀਆਂ ਦੀਆਂ ਦੇਸ਼ ਅਜ਼ਾਦੀ ਵਾਸਤੇ ਦਿਤੀਆਂ ਕੁਰਬਾਨੀਆਂ ਅਤੇ ਪ੍ਰਾਪਤੀਆਂ ਦਾ ਜ਼ਿਕਰ ਇਸ ਪ੍ਰੋਗਰਾਮ ਦੇ ਪਲੇਠੇ ਭਾਸ਼ਣ ਵਿਚ ਕੀਤਾ। ਉਹਨਾਂ ਮੁੱਖ ਤੌਰ ਤੇ 'ਵਰਿਆਮ' ਦੀਆਂ ਨਾਮਧਾਰੀ ਇਤਿਹਾਸ ਅਤੇ ਸਾਹਿਤ ਦੇ ਵਿਕਾਸ ਵਿਚ ਸੇਵਾਂਵਾ ਦਾ ਉਚੇਚਾ ਉਲੇਖ ਕੀਤਾ।

ਡਾ. ਦਵਿੰਦਰ ਸਿੰਘ ਜੋ ਕਿ ਜੰਮੂ ਯੂਨੀਵਰਸਿਟੀ ਦੇ ਵਿਕਾਸ ਵਿਚ ਵਿਸ਼ੇਸ਼ ਯੋਗਦਾਨ ਦੇ ਰਹੇ ਹਨ, ਨੇ ਆਪਣੇ ਭਾਸ਼ਣ ਵਿਚ 'ਕੂਕਾ ਮੂਵਮੈਂਟ' ਦੀਆਂ ਪ੍ਰਾਪਤੀਆਂ ਨੂੰ ਪੂਰੀ ਦੁਨੀਆਂ ਵਿਚ ਪ੍ਰਚਾਰਿਤ ਕਰਣ ਤੇ ਵਿਸ਼ੇਸ਼ ਜ਼ੋਰ ਦਿਤਾ। ਇਸ ਸੰਬੰਧ ਵਿਚ ਵਰਿਆਮ ਦੇ ਸੰਪਾਦਕੀ ਨੋਟਾਂ ਦੀ ਉਹਨਾਂ ਖੁਲ੍ਹ ਕੇ ਪਰਸੰਸਾ ਕੀਤੀ।

ਜਨਾਬ ਖ਼ਾਲਿਦ ਹੁਸੈਨ ਨੇ ਸ. ਜਗਦੀਸ਼ ਸਿੰਘ ਵਰਿਆਮ ਨੂੰ ਆਪਣਾ ਪੁਰਾਣਾ ਯਾਰ ਦਸਦਿਆਂ 'ਵਰਿਆਮ' ਦੇ ਲੰਮੇ ਸੰਘਰਸ਼ ਦਾ ਉਲੇਖ ਕੀਤਾ ਅਤੇ ਇਸ ਦੀ ਗੋਲਡਨ ਜੁਬਲੀ ਵੇਖਣ ਦੀ ਕਾਮਨਾ ਕੀਤੀ। ਬਲਜੀਤ ਰੈਣਾ ਨੇ ਵਰਿਆਮ ਨਾਲ ਪੁਰਾਣੇ ਸੰਬੰਧਾਂ ਦਾ ਜ਼ਿਕਰ ਕੀਤਾ।

ਸੂਬਾ ਸੁਖਦੇਵ ਸਿੰਘ ਅਤੇ ਪ੍ਰਧਾਨ ਸੰਤ ਕਰਤਾਰ ਸਿੰਘ ਜੀ ਨੇ ਇਸ ਮੌਕੇ ਤੇ ਸੰਤ ਜਗਦੀਸ਼ ਸਿੰਘ ਜੀ ਨੂੰ ਪ੍ਰਸ਼ਸਤੀ ਪੱਤਰ, ਇਕ ਮਾਲਾ, ਸ਼ਾਲ ਅਤੇ ਮਾਇਆ ਭੇਟ ਕਰਕੇ ਸਨਮਾਨਿਤ ਕੀਤਾ। ਇਸਦੇ ਨਾਲ ਹੀ ਆਏ ਵਿਸ਼ੇਸ਼ ਪ੍ਰਹੁਣਿਆਂ ਨੂੰ ਪੰਜਾਬੀ ਸਾਹਿਤ ਦੇ ਵਿਕਾਸ ਵਿਚ ਉਹਨਾਂ ਦੇ ਯੋਗਦਾਨ ਲਈ ਦੁਸ਼ਾਲਾ ਅਤੇ ਮਾਲਾ ਪਹਿਨਾਕੇ ਸਨਮਾਨਿਤ ਕੀਤਾ। ਇਸ ਤੋਂ ਪਹਿਲਾਂ ਸੰਤ ਕਰਮ ਸਿੰਘ ਜੀ ਨੇ ਸੰਤ ਜਗਦੀਸ਼ ਸਿੰਘ ਜੀ ਨੂੰ ਪ੍ਰਦਾਨ ਕੀਤੀ ਗਈ ਸਾਈਟੇਸ਼ਨ ਪੜ੍ਹ ਕੇ ਸੰਗਤ ਨੂੰ ਸੁਣਾਈ।

ਇਸ ਪ੍ਰੋਗ੍ਰਾਮ ਵਿਚ ਆਏ ਪ੍ਰਹੁਣਿਆਂ ਅਤੇ ਸਰੋਤਿਆਂ ਦਾ ਸਵਾਗਤ ਸੰਤ ਅਮਰ ਸਿੰਘ ਜੀ ਕੂਕਾ ਨੇ ਕੀਤਾ ਅਤੇ ਧੰਨਵਾਦ ਕਰਨ ਦੀ ਰਸਮ ਸੰਤ ਕਰਮ ਸਿੰਘ ਜੀ ਨੇ ਨਿਭਾਈ।

ਸੰਤ ਜਗਦੀਸ਼ ਸਿੰਘ 'ਵਰਿਆਮ' ਨੇ ਜੰਮੂ ਦੀ ਸੰਗਤ ਅਤੇ ਲੇਖਕਾਂ ਪ੍ਰਤੀ ਕ੍ਰਿਤੱਗਤਾ ਪ੍ਰਗਟ ਕਰਦੇ ਹੋਏ ਕਿਹਾ ਕਿ ਵਰਿਆਮ ਰਸਾਲਾ ਜੰਮੂ ਦੀ ਹੀ ਦੇਣ ਹੈ। ਅਤੇ ਮੈਨੂੰ ਨਾਮਧਾਰੀ ਜਗਤ ਜਗਦੀਸ਼ ਸਿੰਘ ਜੰਮੂ ਦੇ ਨਾਂ ਨਾਲ ਹੀ ਜਾਣਦਾ ਰਿਹਾ ਹੈ। ਉਹਨਾਂ ਆਜਜ਼ੀ ਭਰੇ ਧੰਨਵਾਦੀ ਭਾਸ਼ਨ ਵਿਚ ਨਾਮਧਾਰੀ ਇਤਿਹਾਸ ਦੇ ਕੁਝ ਅਣਗੌਲੇ ਪੱਤਰਿਆਂ ਦਾ ਜ਼ਿਕਰ ਵੀ ਕੀਤਾ।

ਇਸ ਪ੍ਰੋਗ੍ਰਾਮ ਦਾ ਸੰਚਾਲਣ ਕਰਨ ਦਾ ਮਾਣ ਮੈਨੂੰ ਡਾ. ਤਰਨ ਸਿੰਘ ਨੂੰ ਬਖਸ਼ਿਆ ਗਿਆ।

*—ਡਾ. ਤਰਨ ਸਿੰਘ ਜੰਮੂ*

## ਚੰਡੀਗੜ੍ਹ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਦਿਵਸ ਤੇ 'ਵਰਿਆਮ' ਦਾ ਸਮਾਗਮ

੨੫ ਫਰਵਰੀ ੨੦੦੧, ਚੰਡੀਗੜ੍ਹ ਨਿਵਾਸੀਆਂ ਲਈ, ਯੁਗ-ਪ੍ਰਵਰਤਕ ਸਤਿਗੁਰੂ ਰਾਮ ਸਿੰਘ ਦੇ ਪ੍ਰਕਾਸ਼ ਉਤਸਵ ਅਤੇ ਜਗਦੀਸ਼ ਸਿੰਘ 'ਵਰਿਆਮ' ਦਾ ਸਨਮਾਨ ਸਮਰਪਤ ਦਿਨ ਸੀ।

ਭੋਰ ਦੇ ਝੁਟਪੁਟੇ ਤੋਂ ਹੀ ਸੰਗੀਤ ਦੀਆਂ ਸੁਰਾਂ ਸਹਿਤ ਆਸਾ ਦੀ ਵਾਰ ਉਪਰੰਤ ਸੰਤ ਇਕਬਾਲ ਸਿੰਘ ਭੈਣੀ ਸਾਹਿਬ ਵਾਲਿਆਂ ਆਪਣੇ ਵਿਸ਼ੇਸ਼ ਅੰਦਾਜ਼ ਵਿਚ ਕੀਰਤਨ ਰਾਹੀਂ ਸੰਗਤਾਂ ਅਤੇ ਸ੍ਰੋਤਿਆਂ ਨੂੰ ਨਿਹਾਲ ਕੀਤਾ। ਭਾਰਤੀ ਆਜ਼ਾਦੀ ਨੂੰ ਗੁਰੂ ਰਾਮ ਸਿੰਘ ਜੀ ਦੀ ਦੇਣ ਅਤੇ ਜਗਦੀਸ਼ ਸਿੰਘ 'ਵਰਿਆਮ' ਦੇ ਉਪਰਾਲਿਆਂ ਦੀ ਸ਼ਲਾਘਾ ਕੀਤੀ।

ਅਮਰ ਕਥਾ ਦੇ ਗੁਰੂ ਵਰ ਪ੍ਰਾਪਤ ਸੰਤ ਹਰਭਜਨ ਸਿੰਘ ਖੰਡੂਵਾਲੀਏ ਜੀ ਨੇ ਬੜੇ ਸੋਹਣੇ ਢੰਗ ਨਾਲ ਕਥਾ ਰਾਹੀਂ ਸ਼ੁਭ ਕਰਮਾਂ ਲਈ ਪ੍ਰੇਰਣਾ ਦਿਤੀ ਅਤੇ ਗੁਰੂ ਰਾਮ ਸਿੰਘ ਦੇ ਇਤਿਹਾਸ ਤੇ ਚਾਨਣ ਪਾਇਆ।

ਉਪਰੰਤ ਪੰਜਾਬੀ ਲੇਖਕ ਸਭਾ ਚੰਡੀਗੜ੍ਹ ਅਤੇ ਸ਼ਹਿਰ ਦੇ ਹੋਰ ਪਤਵੰਤੇ ਸੱਜਣਾਂ ਦੀ ਭਰਵੀਂ ਹਾਜ਼ਰੀ ਵਿਚ ਵੱਖ-ਵੱਖ ਵਿਦਵਾਨਾਂ ਵਲੋਂ ਸਤਿਗੁਰੂ ਰਾਮ ਸਿੰਘ ਦੀ ਸਰਵ ਪੱਖੀ ਸ਼ਖਸੀਅਤ ਅਤੇ ਜਗਦੀਸ਼ ਸਿੰਘ ਵਰਿਆਮ ਦੇ ਸੰਘਰਸ਼ਮਈ ਜੀਵਨ ਦੇ ਵੱਖ-ਵੱਖ ਪੱਖਾਂ ਨੂੰ ਉਜਾਗਰ ਕੀਤਾ ਗਿਆ।

ਸਟੇਜ ਸੰਚਾਲਨ ਕਰਦਿਆਂ ਗੁਰੂਬਚਨ ਸਿੰਘ ਨਾਮਧਾਰੀ ਨੇ ੧੯੫੭ ਤੋਂ ਲੈ ਕੇ ੧੯੪੭ ਤਕ ਦੇ ਕੁਰਬਾਨੀ ਭਰੇ ਕੂਕਾ ਇਤਿਹਾਸ ਅਤੇ ਸ੍. ਜਗਦੀਸ਼ ਸਿੰਘ ਵਰਿਆਮ ਦੀ ਸਾਹਿਤ ਪ੍ਰੀਤ ਅਤੇ ਇਤਿਹਾਸ ਦੇ ਸਜਗ ਪਹਿਰੂ ਦੇ ਰੂਪ ਤੇ ਪ੍ਰਕਾਸ਼ ਪਾਇਆ।

ਪੰਜਾਬੀ ਕਹਾਣੀਕਾਰ ਸੰਤੋਖ ਸਿੰਘ ਧੀਰ ਨੇ ਸੰਸਦ ਭਵਨ ਦੇ ਕੇਂਦਰੀ ਹਾਲ ਵਿਚ ਗੁਰੂ ਰਾਮ ਸਿੰਘ ਦੀ ਤਸਵੀਰ ਲਾਉਣ



Sri Satguru Jagjit Singh Ji eLibrary NamdhariElibrary@gmail.com

ਦੀ ਮੰਗ ਕੀਤੀ। ਸ੍ਰ. ਪਵਿਤਰ ਸਿੰਘ ਨੇ ਦਸਿਆ ਕਿ ਕ੍ਰਾਂਤੀਕਾਰੀ ਦੀ ਕੋਈ ਜਾਤ ਨਹੀਂ ਹੁੰਦੀ। ਪ੍ਰਮੁਖ ਸਾਹਿਤਕਾਰ ਡਾ. ਲਾਭ ਸਿੰਘ ਖੀਵਾ, ਸੁਰਿੰਦਰ ਅਤੈ ਸਿੰਘ ਅਤੇ ਫੂਲਚੰਦ ਮਾਨਵ ਨੇ ਨਾਮਧਾਰੀ ਲਹਿਰ ਅਤੇ ਪੰਜਾਬੀ ਸਾਹਿਤ ਸੰਸਾਰ ਨੂੰ 'ਵਰਿਆਮ' ਦੀ ਵਡਮੁੱਲੀ ਦੇਣ ਬਾਰੇ ਦਸਿਆ।

ਸ੍ਰ. ਰਵੇਲ ਸਿੰਘ ਐਡਵੋਕੇਟ ਟਰੱਸਟੀ ਸ. ਸਾਧੂ ਸਿੰਘ ਹਮਦਰਦ ਟਰੱਸਟ ਨੇ ਵਰਿਆਮ ਦੇ ਸੰਘਰਸ਼ ਦੀ ਪਰਸੰਸਾ ਕੀਤੀ ਅਤੇ ਸਮਾਜ ਵਿਚ ਨਰੋਈਆਂ ਕੀਮਤਾਂ ਸਥਾਪਤ ਕਰਣ ਦੀ ਪ੍ਰੇਰਨਾ ਦਿਤੀ। ਸਤਿਜੁਗ ਸੰਪਾਦਕ ਸ੍ਰ. ਤਾਰਾ ਸਿੰਘ ਅਨਜਾਣ ਨੇ ਕਿਹਾ, "ਅਜੋਕੇ ਸਮੇਂ ਪੰਜਾਬੀ ਵਿਚ ਕਿਸੇ ਰਸਾਲੇ ਨੂੰ ੨੫ ਸਾਲ ਤਕ ਚਲੌਣਾ ਕਿਸੇ 'ਵਰਿਆਮ' ਦਾ ਕੰਮ ਹੀ ਹੋ ਸਕਦਾ ਹੈ। ਮੈਨੂੰ ਪਤਾ ਹੈ ਅਜ ਬਿਨਾਂ ਸਰਕਾਰੀ ਇਸ਼ਤਿਹਾਰਾਂ ਤੋਂ ਕੋਈ ਮੈਗਜ਼ੀਨ ਚਲ ਨਹੀਂ ਸਕਦੀ ਔਰ ਮੈਨੂੰ ਇਹ ਭੀ ਪਤਾ ਹੈ ਕਿ 'ਵਰਿਆਮ' ਨੂੰ ਕਦੀ ਸਰਕਾਰੀ ਇਸ਼ਤਿਹਾਰ ਜਿਹੀ ਸਹੈਤਾ ਕਦੀ ਮਿਲੀ ਨਹੀਂ। ਪਰ ਫਿਰ ਭੀ ਵਰਿਆਮ ੨੫ ਸਾਲ ਦੀ ਹੱਦ ਟੱਪਿਆ ਹੈ ਤਾਂ ਇਹ ਜਗਦੀਸ਼ ਸਿੰਘ ਦੀ ਵਰਿਆਮਤਾ ਦਾ ਸੂਚਕ ਹੈ।

ਸ੍ਰ. ਮਹਿੰਦਰ ਸਿੰਘ ਨੇ ਸ਼ੇਅਰ ਸੁਣਾ ਕੇ ਵਰਿਆਮ ਦੀ ਲੰਬੀ ਉਮਰ ਦੀ ਕਾਮਨਾ ਕੀਤੀ।

ਅੰਤ ਵਿਚ ਹਰਮਨ ਪਿਆਰੇ ਜਗਦੀਸ਼ ਸਿੰਘ ਨੇ ਕੂਕਾ ਇਤਿਹਾਸ ਦੇ ਪੰਨਿਆਂ ਨੂੰ ਖੋਲ੍ਹਦਿਆਂ ਭਾਰਤੀ ਆਜ਼ਾਦੀ ਵਿਚ ਨਾਮਧਾਰੀਆਂ ਦੀ ਦੂਰਅੰਦੇਸ਼ੀ ਭੂਮਿਕਾ ਤੇ ਪ੍ਰਕਾਸ਼ ਪਾਇਆ ਅਤੇ 'ਵਰਿਆਮ' ਦੀ ਲੰਬੀ ਯਾਤਰਾ ਲਈ ਸਾਹਿਤ ਸਮਰਪਨ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਦੇ ਅਸ਼ੀਰਵਾਦ ਨੂੰ ਆਧਾਰ ਦਸਿਆ।

ਨਾਮਧਾਰੀ ਸੰਗਤ ਚੰਡੀਗੜ੍ਹ ਅਤੇ ਪੰਜਾਬੀ ਲੇਖਕ ਸਭਾ ਚੰਡੀਗੜ੍ਹ ਵਲੋਂ ਗਿਆਰਾਂ ਹਜ਼ਾਰ ਰੁਪਏ, ਇਕ ਦੁਸ਼ਾਲਾ ਅਤੇ ਇਕ ਵਿਸ਼ੇਸ਼ ਸਨਮਾਨ ਚਿੰਨ੍ਹ "ਪ੍ਰਸ਼ਸ਼ਤੀ ਪੱਤਰ" ਭੇਟ ਕਰਕੇ ਜਗਦੀਸ਼ ਸਿੰਘ ਵਰਿਆਮ ਦਾ ਅਭਿਨੰਦਨ ਕੀਤਾ ਗਿਆ। ਸੂਬਾ ਪਰਮਜੀਤ ਸਿੰਘ ਨੇ ਇਸ ਸਮਾਗਮ ਦੀ ਸਫਲਤਾ ਲਈ ਸ਼ਲਾਘਾਯੋਗ ਸਹਿਯੋਗ ਦਿੱਤਾ। ਸੂਬਾ ਗੁਰਮੁਖ ਸਿੰਘ, ਪ੍ਰਧਾਨ ਹਰਭਜਨ ਸਿੰਘ ਸਲੂਜਾ, ਵਿਸ਼ਵ ਨਾਮਧਾਰੀ ਵਿਦਿਅਕ ਜਥੇ (ਲੜਕਿਆਂ) ਦੇ ਪ੍ਰਧਾਨ ਸ੍ਰ. ਗੁਰਮੁਖ ਸਿੰਘ ਰਹਿਬਰ, ਵਿ. ਨਾ. ਵਿ. ਜਥਾ (ਲੜਕੀਆਂ) ਦੀ ਪ੍ਰਧਾਨ ਬੀਬੀ ਸੁਖਜੀਤ ਕੌਰ, ਸੰਤ ਜੋਗਾ ਸਿੰਘ ਅਤੇ ਸੂਬਾ ਬੀਬੀ ਸੁਰਿੰਦਰ ਕੌਰ ਖਰਲ ਨੇ ਵਰਿਆਮ ਜੀ ਦਾ ਸੁਆਗਤ ਕਰ ਲੰਬੀ ਉਮਰ ਦੀ ਅਰਦਾਸ ਕੀਤੀ।

## ਡਾ. ਵਰਿਆਮ ਸਿੰਘ ਸੰਧੂ ਤੇ ਸਤਨਾਮ ਮਾਣਕ ਦਾ ਸਨਮਾਨ

ਪੰਜਾਬੀ ਲੇਖਕ ਸਭਾ ਜਲੰਧਰ ਵਲੋਂ ਮਿਤੀ ੪ ਮਾਰਚ ੨੦੦੧ ਨੂੰ ਦੇਸ਼ ਭਗਤ ਯਾਦਗਾਰ ਹਾਲ ਵਿਚ ਆਪਣੀ ਸਭਾ ਦੇ ਦੋ ਮੈਂਬਰਾਂ ਨੂੰ ਵਿਸ਼ੇਸ਼ ਸਨਮਾਨ ਮਿਲਣ ਤੇ ਖੁਸ਼ੀਆਂ ਸਾਂਝੀਆਂ ਕੀਤੀਆਂ ਗਈਆਂ।

ਡਾ. ਵਰਿਆਮ ਸਿੰਘ ਸੰਧੂ ਨੂੰ ਭਾਰਤੀ ਸਾਹਿਤ ਅਕੈਡਮੀ ਦਾ ਵਕਾਰੀ ਪੁਰਸਕਾਰ ਇਸੇ ਸਾਲ ਦੇ ਸ਼ੁਰੂ ਵਿਚ ਦਿੱਲੀ ਵਿਚ ਪ੍ਰਦਾਨ ਕੀਤਾ ਗਿਆ। ਇਸ ਪ੍ਰਸੰਗ ਵਿਚ ਸੰਧੂ ਸਾਹਿਬ ਦੇ ਸਨਮਾਨਾਂ ਦਾ ਇਕ ਸਿਲਸਲਾ ਚੱਲ ਰਿਹਾ ਹੈ। ਵੱਖ-ਵੱਖ ਕਾਲਜਾਂ ਅਤੇ ਸਾਹਿਤ/ਲੇਖਕ ਸਭਾਵਾਂ ਉਹਨਾਂ ਨੂੰ ਥਾਓਂ ਥਾਈਂ ਸੱਦ ਕੇ ਇਹ ਖੁਸ਼ੀਆਂ ਸਾਂਝੀਆਂ ਕਰ ਰਹੀਆਂ ਹਨ। ਪੰਜਾਬੀ ਲੇਖਕ ਸਭ ਜਲੰਧਰ ਦੇ ਉਹ ਅਹਿਮ ਮੈਂਬਰ ਹਨ ਇਸ ਵਾਸਤੇ ਸਭਾ ਵਲੋਂ ਇਹਨਾਂ ਨਾਲ ਮਿਲ ਬੈਠਣਾ ਕੁਦਰਤੀ ਸੀ।

ਸ੍ਰੀ ਸਤਨਾਮ ਮਾਣਕ ਨੂੰ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਵਲੋਂ ਇਸੇ ਸਾਲ ਦੇ ਸ਼ੁਰੂ ਵਿਚ ਸ਼੍ਰੋਮਣੀ ਪੱਤਰਕਾਰ ਵਜੋਂ ਸਨਮਾਨਿਆ ਗਿਆ। ਮਾਣਕ ਸਾਹਿਬ ਇਕ ਸਿਰੜੀ, ਮਿਹਨਤੀ ਅਤੇ ਹਰਮਨ ਪਿਆਰੇ ਪੱਤਰਕਾਰ ਹਨ। ਲੋਕਾਂ ਦੇ ਹਿਤ ਵਾਸਤੇ ਅਤੇ ਪੰਜਾਬੀਆਂ ਦੇ ਏਕੇ ਵਾਸਤੇ ਉਹ ਸਦਾ ਤੱਤਪਰ ਰਹੇ ਹਨ। ਪੰਜਾਬੀ ਲੇਖਕ ਸਭਾ ਜਲੰਧਰ ਦੇ ਉਹ ਖਾਸ ਰੁਕਨ ਹਨ ਅਤੇ ਸਭਾ ਦੇ ਕੰਮ ਵਿਚ ਵਿਸ਼ੇਸ਼ ਦਿਲਚਸਪੀ ਰੱਖਦੇ ਹਨ। ਸੋ ਇਹਨਾਂ ਦੋਹਾਂ ਲੇਖਕ ਮਿਤਰਾਂ ਦੇ ਸਤਿਕਾਰ ਵਿਚ ਹੋਏ ਸਮਾਗਮ ਵਿਚ ਲੇਖਕ ਮਿੱਤਰ ਹੁਮ ਹੁਮਾ ਕੇ ਪੁਜੇ। ਪ੍ਰਧਾਨਗੀ ਮੰਡਲ ਵਿਚ ਇਹਨਾਂ ਦੋਹਾਂ ਲੇਖਕਾਂ ਤੋਂ ਇਲਾਵਾ, ਬਜ਼ੁਰਗ ਇਤਿਹਾਸਕਾਰ ਤੇ ਅਧਿਆਪਕ ਡਾ. ਜਸਵੰਤ ਸਿੰਘ ਜੱਸ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਬਕਾ ਵਾਈਸ ਚਾਂਸਲਰ ਡਾ. ਜੁਗਿੰਦਰ ਸਿੰਘ ਪੁਆਰ ਅਤੇ ਪੰਜਾਬੀ ਲੇਖਕ ਸਭਾ ਜਲੰਧਰ ਦੇ ਪ੍ਰਧਾਨ ਸ. ਜਗਦੀਸ਼ ਸਿੰਘ ਵਰਿਆਮ ਸ਼ਾਮਲ ਸਨ ਅਤੇ ਸਟੇਜ ਦੀ ਕਾਰਵਾਈ ਚਲਾਈ ਪ੍ਰਸਿੱਧ ਆਲੋਚਕ ਡਾ. ਗੁਰਲਾਲ ਸਿੰਘ ਹੋਰਾਂ ਨੇ। ਦੋਹਾਂ ਸਨਮਾਨਤ ਲੇਖਕਾਂ ਦਾ ਸਨਮਾਨ ਹਾਰ ਪਾ ਕੇ ਚਿੱਟੀਆਂ ਸ਼ਾਲਾਂ ਅਤੇ ਪ੍ਰਸ਼ਸਤੀ ਪੱਤਰ ਮੋਮੈਂਟੋ ਦੇ ਕੇ ਕੀਤਾ ਗਿਆ। ਇਸ ਸਮਾਰੋਹ ਵਿਚ ਖੁਸ਼ੀ ਸਾਂਝੀ ਕਰਨ ਵਾਲੇ ਬਹੁਤ ਸਾਰੇ ਬੁਲਾਰਿਆਂ ਵਿਚ ਸ਼ਾਮਲ ਸਨ-ਪ੍ਰੋ. ਪਿਆਰਾ ਸਿੰਘ ਭੋਗਲ, ਸ. ਜਗਜੀਤ ਸਿੰਘ ਅਨੰਦ, ਸ. ਗੁਰਬਖਸ਼ ਸਿੰਘ ਬੰਨੋਆਣਾ, ਗੁਰਮੀਤ, ਸਤਨਾਮ ਚਾਨਾ, ਡਾ. ਉਮਿੰਦਰ ਜੌਹਲ, ਪ੍ਰੋ. ਜਗੀਰ ਕਾਹਲੋਂ, ਪੰਡਿਤ ਕ੍ਰਿਸ਼ਨ ਲਾਲ ਪਰਵਾਨਾ ਅਤੇ ਪ੍ਰਧਾਨਗੀ ਮੰਡਲ ਦੇ ਮੈਂਬਰ। ਡਾ. ਸੰਧੂ ਅਤੇ ਸਤਨਾਮ ਮਾਣਕ ਨੇ ਆਪਣੇ ਜੀਵਨ ਅਨੁਭਵਾਂ ਨੂੰ ਬਹੁਤ ਹਿਰਦੇ ਵੇਦਕ ਅੰਦਾਜ਼ ਵਿਚ ਸੁਣਾ ਕੇ ਸ੍ਰੋਤਿਆਂ ਦੇ ਮਨਾਂ ਤੇ ਡੂੰਘੀ ਛਾਪ ਛੱਡੀ। ਇਹ ਸਮਾਗਮ ਬਹੁਤ ਯਾਦਗਾਰੀ ਹੋ ਨਿਬੜਿਆ।


Sri Satguru Jagjit Singh Ji eLibrary NamdhariElibrary@gmail.com

## ਪੰਜਾਬੀ ਸੱਥ ਦੀ ੧੧ ਵੀਂ ਪਰ੍ਹਿਆ ਮੌਕੇ ਡਾ. ਲ਼ਾਫੋਂ ਸਮੇਤ ੯ ਪੰਜਾਬੀ ਪਿਆਰੇ ਸਨਮਾਨਿਤ

ਲਾਂਬੜਾ (ਜਲੰਧਰ)–ਮੁੱਢ ਕਦੀਮੋਂ ਪੰਜਾਬੀਪੁਣੇ ਤੇ ਮਾਨਵਤਾ ਦੇ ਮੁੱਦਈ ਅਦਾਰੇ 'ਪੰਜਾਬੀ ਸੱਥ' ਵਲੋਂ ਲਗਾਤਾਰ ਸਲਾਨਾ ਸਮਾਗਮਾਂ ਦੀ ਲੜੀ ਵਿਚ ੧੧ ਵੀਂ ਪਰ੍ਹਿਆ ਦੁਆਬੇ ਦੇ ਦਿਲ ਜਲੰਧਰ ਸ਼ਹਿਰ ਦੀ ਵੱਖੀ 'ਚ ਵਸੇ ਤਵਾਰੀਖੀ ਪਿੰਡ ਲਾਂਬੜੇ ਵਿਚ ਜੋੜੀ ਗਈ। ਸਾਹਿਤ, ਸਭਿਆਚਾਰ, ਗੁਰਮਤਿ, ਸਾਇੰਸ, ਖੋਜ, ਇਤਿਹਾਸਕਾਰੀ, ਵਾਤਾਵਰਣ ਅਤੇ ਗਾਇਕੀ ਦੇ ਖੇਤਰ ਵਿਚ ਸ਼ਾਨਾਮੱਤਾ ਯੋਗਦਾਨ ਪਾਉਣ ਲਈ ਘੱਟੋ-ਘੱਟ ਹਜ਼ਾਰ ਦੇ ਕਰੀਬ ਮਾਈ-ਭਾਈ ਦੇ ਰੂਬਰੂ ਸਿਰਕੱਢ ਵਿਗਿਆਨੀ ਅਤੇ ਭੂਚਾਲਾਂ ਦੇ ਖੋਜੀ ਡਾ. ਹਰਦੇਵ ਸਿੰਘ ਵਿਰਕ ਦੀ ਪ੍ਰਧਾਨਗੀ ਹੇਠ ਇਹ ਸਮਾਗਮ ੪ ਘੰਟੇ ਨਿਰਵਿਘਨ ਚੱਲਦਾ ਰਿਹਾ। ਏਸ ਮੌਕੇ ਬਾਬੇ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਅਨੁਸਾਰ ਕਾਦਰ ਦੀ ਕੁਦਰਤ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਕਾਰ ਸੇਵਾ ਵਿਚ ਜੁਟੇ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਉਚੇਚੇ ਤੌਰ 'ਤੇ ਹਾਜ਼ਰ ਹੋਏ। ਸੱਥ ਦੇ ਪ੍ਰਧਾਨ ਸ. ਪਿਆਰਾ ਸਿੰਘ ਨੇ ਇਨ੍ਹਾਂ ਮੋਹਤਬਰਾਂ ਦੇ ਸਹਿਯੋਗ ਨਾਲ ੯ ਹਸਤੀਆਂ ਨੂੰ ਸਨਮਾਨਿਤ ਕੀਤਾ।

ਪਿੰਡ ਪਲਾਹੀ (ਫਗਵਾੜਾ) ਦੇ ਜੰਮਪਲ ਜਲੰਧਰ ਵਸਦੇ ਸੂਝਵਾਨ, ਪ੍ਰੋੜ ਸਾਹਿਤਕਾਰ, ਕਾਲਮਨਵੀਸ ਅਤੇ ਅੱਧੀ ਸਦੀ ਤੋਂ ਮਾਂ ਬੋਲੀ ਦੀ ਖਿਦਮਤ ਵਿਚ ਜੁਟੇ ਪ੍ਰੋ. ਪਿਆਰਾ ਸਿੰਘ ਭੋਗਲ ਨੂੰ 'ਗਿਆਨੀ ਹੀਰਾ ਸਿੰਘ ਦਰਦ ਪੁਰਸਕਾਰ' ਭੇਟ ਕੀਤਾ ਗਿਆ। ਨਗਰ ਉੜਾਪੜ (ਨਵਾਂਸ਼ਹਿਰ) ਵਿਚ ਅੱਖਾਂ ਖੋਲ੍ਹਣ ਅਤੇ ਅੱਜ ਕੱਲ੍ਹ ਵਿਦਿਆ ਦੇ ਗੜ੍ਹ ਸ਼ਹਿਰ ਪਟਿਆਲੇ ਰਹਿੰਦੀ ਬੀਬੀ ਕੁਲਵੰਤ ਕੌਰ ਨੂੰ ਉਹਨਾਂ ਦੀ ਖੋਜੀ ਬਿਰਤੀ ਅਤੇ ਨਿਵੇਕਲੀਆਂ ਲਿਖਤਾਂ ਨੂੰ ਮੁੱਖ ਰੱਖਦਿਆਂ 'ਭਾਈ ਗੁਰਦਾਸ ਪੁਰਸਕਾਰ' ਪੇਸ਼ ਕਰਨ ਦੀ ਖੁਸ਼ੀ ਹਾਸਲ ਕੀਤੀ ਗਈ। ਲੋਕ ਗੀਤ, ਉਹ ਵੀ ਪਿੰਡੋ-ਪਿੰਡ ਜਾ ਕੇ ਬੜੀ ਸਿਰੜ, ਲਗਨ ਅਤੇ ਮਿਹਨਤ ਨਾਲ ਮਾਲਵੇ ਦੇ ਟਿੱਬਿਆਂ 'ਚੋਂ, ਜਿੱਥੇ ਕਦੀ ਕਿੱਕਰਾਂ ਨੂੰ ਅੰਬ ਲੱਗਦੇ ਸਨ, ਇਕੱਠੇ ਕਰਕੇ ਛਾਪਣ ਅਤੇ ਅਗਲੇਰੀਆਂ ਪੀੜ੍ਹੀਆਂ ਨੂੰ ਸੌਂਪਣ ਹਿੱਤ ਗਰਾਂ ਨਿਊਆਂ (ਫਤਿਹਗੜ੍ਹ ਸਾਹਿਬ) ਵਿਚ ਪ੍ਰਵਾਨ ਚੜ੍ਹੇ ਅਤੇ ਆਧੁਨਿਕ ਸ਼ਹਿਰ ਚੰਡੀਗੜ੍ਹ 'ਚ ਆਲ੍ਹਣਾ ਪਾਈ ਬੈਠੇ ਡਾ. ਨਾਹਰ ਸਿੰਘ ਦੀ ਨਜ਼ਰ 'ਡਾ. ਮਹਿੰਦਰ ਸਿੰਘ ਰੰਧਾਵਾ ਪੁਰਸਕਾਰ' ਕੀਤਾ ਗਿਆ। ਦੁਨੀਆ ਭਰ ਦੇ ਅਤਿ ਹੁਸੀਨ ਸ਼ਹਿਰ ਪੈਰਿਸ ਫ਼ਰਾਂਸ 'ਚ ਖੇਡੇ ਮੱਲੇ ਹਿੰਦੁਸਤਾਨੀ ਇਤਿਹਾਸ ਖਾਸਕਰ ਖਾਲਸਾ ਰਾਜ ਵੇਲੇ ਮਹਾਰਾਜਾ ਰਣਜੀਤ ਸਿੰਘ ਦੇ ਫੌਜੀ ਜਰਨੈਲਾਂ ਵੈਂਤੂਰਾ ਅਤੇ ਅੱਲਾਦ ਦੀਆਂ ਪੰਜਾਬੀਆਂ ਲਈ ਕੀਤੀਆਂ ਕੁਰਬਾਨੀਆਂ ਦਾ ਰਿਣ ਚੁਕਾਉਣ ਵਾਸਤੇ ਪਹਿਲੀ ਵਾਰ ਕਿਸੇ ਫਰਾਂਸੀਸੀ ਨੂੰ ਆਮ ਪੰਜਾਬੀਆਂ ਨੇ 'ਸਰਦਾਰ ਕਰਮ ਸਿੰਘ ਹਿਸਟੋਰੀਅਨ ਪੁਰਸਕਾਰ' ਦੇਣ ਦੀ ਇਤਿਹਾਸਕ ਜ਼ਿੰਮੇਵਾਰੀ ਨਿਭਾਈ। ਇਹ ਐਵਾਰਡ ਹਾਸਲ ਕਰਨ ਵਾਲੇ ਸਨ ਡਾ. ਜਾਂ ਮਾਰੀ ਲਾਫੋਂ ਜਿਹਨਾਂ ਉਚੇਚੇ ਤੌਰ 'ਤੇ ਲਾਂਬੜੇ ਪੁੱਜ ਕੇ ਰੌਣਕ ਵਧਾਈ ਅਤੇ ਪੁਰਸਕਾਰ ਖਿੜੇ ਮੱਥੇ ਪ੍ਰਵਾਨ ਕੀਤਾ।

ਪੈਰਸ ਦੀ ਜੂਹ ਦੇ ਈ ਵਸਨੀਕ ਨਹੀਂ, ਉਹਦੀ ਰੂਹ ਦੇ ਵਾਰਸ ਸਾਡੀ ਬੋਲੀ, ਵਿਰਾਸਤ ਅਤੇ ਇਕ ਜੁੱਟ ਪੰਜਾਬੀ ਕੌਮ ਦੇ ਮੁਦੱਈ ਪਿੰਡ ਢੁੱਡੀਆਂ ਸ਼ਰੀਫ (ਜ਼ਿਲ੍ਹਾ ਸਰਗੋਧਾ) 'ਚ ਜਨਮੇ ਕਰਾਚੀ ਵਿਚਰਦੇ ਅਤੇ ਅੱਜ ਕੱਲ੍ਹ ਮਿਸੀਸਾਗਾ, ਟੋਰਾਂਟੋ (ਕੈਨੇਡਾ) ਵਿਚ ਰਹਿੰਦੇ ਚੌਧਰੀ ਨਜ਼ੀਰ ਕਹੂਟ ਹੁਰਾਂ ਨੂੰ ਪੰਜਾਬ ਦੇ ਦੋਹਾਂ ਟੋਟਿਆਂ ਵਿਚ ਸਾਂਝਾਂ ਦੇ ਪੁਲ ਉਸਾਰਨ ਲਈ 'ਬਾਬਾ ਫਰੀਦ ਪੁਰਸਕਾਰ' ਸਤਿਕਾਰ ਸਹਿਤ ਉਹਨਾਂ ਦੇ ਨੁਮਾਇੰਦੇ ਡਾ. ਸਵਰਾਜ ਸਿੰਘ ਐਲਨਜ਼ਬਰਗ (ਅਮਰੀਕਾ) ਨੂੰ ਦਿੱਤਾ ਗਿਆ। ਏਸੇ ਪਰ੍ਹਿਆ 'ਚ ਡਾ. ਸਾਹਿਬ ਨੇ ਵਾਅਦਾ ਕੀਤਾ ਕਿ ਕੈਨੇਡਾ ਅਮਰੀਕਾ ਵਿਚ ਇੰਝ ਹੀ ਸੱਥ ਜੋੜ ਕੇ ਇਹ ਪੁਰਸਕਾਰ ਉਹਨਾਂ ਨੂੰ ਉੱਥੇ ਵੱਸਦੇ ਪੰਜਾਬੀਆਂ ਦੀ ਪਰ੍ਹਿਆ ਵਿਚ ਪ੍ਰਦਾਨ ਕੀਤਾ ਜਾਵੇਗਾ। ਬੱਚੇ ਕਿਸੇ ਕੌਮ ਦਾ ਸਰਮਾਇਆ ਈ ਨਹੀਂ ਉਹਦੀ ਭਲਕ ਹੁੰਦੇ ਨੇ। ਉਹਨਾਂ ਨੂੰ ਸਮੇਂ ਦੇ ਹਾਣੀ ਬਨਣ ਲਈ ਗਿਆਨ-ਵਿਗਿਆਨ ਦੀਆਂ ਬਖਸ਼ਿਸ਼ਾਂ ਕਰਨ ਵਾਲੇ ਗੂੜ੍ਹ ਗਿਆਨੀ ਡਾ. ਡੀ. ਪੀ. ਸਿੰਘ ਨੰਗਲ ਨੂੰ 'ਪ੍ਰਿੰਸੀਪਲ ਤਰਲੋਚਨ ਸਿੰਘ ਭਾਟੀਆ' ਪੁਰਸਕਾਰ ਦੇ ਕੇ ਨਿਵਾਜਿਆ ਗਿਆ। ਡਾ. ਸਾਹਿਬ ਭੌਤਿਕ ਵਿਗਿਆਨ ਦੇ ਮਾਹਰ, ਅੰਬੀਆਂ ਦੇ ਦੇਸ ਦੁਆਬੇ ਦੇ ਹੁਸ਼ਿਆਰਪੁਰ ਦੇ ਰਹਿਣ ਵਾਲੇ ਹੋਣ ਕਾਰਨ ਮਿਠਾਸ ਤੇ ਰਸ ਭਰਪੂਰ ਬੋਲੀ ਬਾਲਾਂ ਨੂੰ ਪਰੋਸਦੇ ਰਹਿੰਦੇ ਨੇ। ਲਿਖਣਾ, ਪੜ੍ਹਨਾ, ਖੋਜਣਾ, ਪਰਖਣਾ ਬੇਸ਼ੱਕ ਸਾਨੂੰ ਅਕਲਮੰਦ ਤੇ ਆਲਮ ਬਣਾਉਂਦਾ ਏ, ਪਰ ਸਾਡੀ ਰੂਹ ਤਾਂ ਕੁਝ ਨਾ ਕੁਝ ਗਾ-ਸੁਣ ਕੇ, ਹੇਕਾਂ-ਹੂਕਾਂ ਲਾ ਕੇ ਹੀ ਰਾਜ਼ੀ ਹੁੰਦੀ ਏ। ਸੂਫ਼ੀਆਨਾ ਕਲਾਮ ਸਾਡੀ ਸਿਹਤਮੰਦ ਵਿਰਾਸਤ ਦਾ ਅਨਮੋਲ ਖਜ਼ਾਨਾ ਏ। ਅੱਜ ਦੇ ਵਪਾਰੂ ਤੇ ਖੱਪਤਕਾਰੀ ਦੌਰ ਵਿਚ ਵੀ ਅਣਖੀਲੀਆਂ


Sri Satguru Jagjit Singh Ji eLibrary NamdhariElibrary@gmail.com

ਰਵਾਇਤਾਂ ਨੂੰ ਬਰਕਰਾਰ ਰੱਖਣ ਲਈ ਮੋਗੇ ਵਸੇਂਦੇ ਜਨਾਬ ਬਰਕਤ ਸਿੱਧੂ ਹੋਰਾਂ ਨੂੰ 'ਬਾਬਾ ਬੁੱਲ੍ਹੇ ਸ਼ਾਹ ਪੁਰਸਕਾਰ' ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੀਰਜ਼ਾਦੇ ਦਾ ਜਨਮ ਪਿੰਡ ਡੱਲਾ (ਸੁਲਤਾਨਪੁਰ ਲੋਧੀ) 'ਚ ਹੋਇਆ। ਇਹਨੇ ਮਰਦਾਨੇ ਦੀ ਰੀਤ ਅੱਜ ਤੋੜੀਂ ਨਿਭਾਈ ਏ ਤੇ ਭੋਗਵਾਦੀ ਬਾਜ਼ਾਰੂ ਵਹਿਣ 'ਚ ਨਹੀਂ ਰੁੜ੍ਹਿਆ। ਹਰ ਇਕ ਪੁਰਸਕਾਰ ਵਿਚ ੨੧੦੦ ਰੁਪਏ ਨਕਦ, ਇਕ ਲੋਈ ਤੇ ਯਾਦ ਚਿੰਨ੍ਹ ਸ਼ਾਮਲ ਸਨ।

ਏਸੇ ਪਰ੍ਹਿਆ ਵਿਚ ਪੰਜਾਬ ਦੇ ਅਜੋਕੇ ਦੌਰ ਦੇ ਸਭ ਤੋਂ ਅਹਿਮ ਤੇ ਗੰਭੀਰ ਮਸਲੇ ਬਾਬਤ ਲਿਖਣ ਤੇ ਟੈਲੀਵਿਜ਼ਨ ਰਾਹੀਂ ਲੋਕਾਈ ਨੂੰ ਚੇਤਨ ਕਰਕੇ ਸਰਕਾਰਾਂ/ਸੰਸਥਾਵਾਂ ਨੂੰ ਪ੍ਰਦੂਸ਼ਣ ਸੰਬੰਧੀ ਵਿਚਾਰਨ-ਸੋਚਣ ਤੇ ਅਮਲ ਕਰਨ ਲਈ ਮਜ਼ਬੂਤ ਕਰਨ ਵਾਸਤੇ 'ਧਰਤਿ ਸੁਹਾਵੀ' ਜਲੰਧਰ ਵਲੋਂ ਦੋ ਪੁਰਸਕਾਰ ਭੇਟ ਕੀਤੇ ਗਏ। ਇਹ ਪਹਿਲੀ ਵਾਰੀ ਹੈ ਕਿ ਕਿਸੇ ਸੰਸਥਾ ਨੇ ਅਜਿਹੇ ਕਾਰਜ ਕਰਨ ਵਾਲਿਆਂ ਨੂੰ ਪਛਾਣ ਕੇ ਉਹਨਾਂ ਦਾ ਧੰਨਵਾਦ-ਸ਼ੁਕਰਾਨਾ ਅਦਾ ਕਰਨ ਦਾ ਯਤਨ ਕੀਤਾ ਏ। ਸ. ਮੇਜਰ ਸਿੰਘ ਸਟਾਫ਼ ਰਿਪੋਰਟ ਰੋਜ਼ਾਨਾ 'ਅਜੀਤ' ਜਲੰਧਰ ਨੂੰ ਉਹਨਾਂ ਦੀਆਂ ਪਿਛਲੇ ੧੫ ਵਰ੍ਹਿਆਂ ਦੀਆਂ ਖੋਜੀ, ਨਿਰਪੱਖ, ਨਿਡਰ ਅਤੇ ਉਸਾਰੂ ਪੱਤਰਕਾਰੀ ਦੀਆਂ ਪ੍ਰਾਪਤੀਆਂ ਨੂੰ ਧਿਆਨ ਗੋਚਰੇ ਰੱਖਦਿਆਂ ਤੇ ਬਾਬੇ ਨਾਨਕ ਵਾਲੀ ਕਾਲੀ ਵੇਂਈ ਦੀ ਬਾਬਾ ਬਲਬੀਰ ਸਿੰਘ ਸੀਚੇਵਾਲ ਰਾਹੀਂ ਹੋ ਰਹੀ ਕਾਰ ਸੇਵਾ ਦੀਆਂ ਸਭ ਨੂੰ ਸੋਚਣ, ਝੰਜੋੜਨ ਵਾਲੀਆਂ ਰਿਪੋਰਟਾਂ ਤਿਆਰ ਕਰਨ ਅਤੇ ਛਾਪਣ ਲਈ ਪੁਰਸਕਾਰਿਤ ਕੀਤਾ ਗਿਆ।

ਇੰਝ ਈ ਅਜੋਕੇ ਦੌਰ ਦੇ ਸਭ ਤੋਂ ਤਾਕਤਵਰ ਮੀਡੀਏ ਟੈਲੀਵਿਜ਼ਨ ਰਾਹੀਂ ਵਾਤਾਵਰਣ ਦੀ ਸਵੱਛਤਾ ਨੂੰ ਮੁਹਿੰਮ ਸਮਝਕੇ ਚਲਾਉਣ 'ਚ ਜੁਟੇ ਸ. ਰਛਪਾਲ ਸਿੰਘ ਬਾਠ ਨੂੰ ਸਨਮਾਨਿਤ ਕੀਤਾ ਗਿਆ। ਬਾਠ ਹੋਰੀਂ ਪਿੱਛੋਂ ਗੁਰਦਾਸਪੁਰ ਜ਼ਿਲ੍ਹੇ ਦੀ ਬਟਾਲਾ ਤਹਿਸੀਲ ਦੇ ਉੱਘੇ ਪਿੰਡ ਚੋਣੇਂ ਦੇ ਬਸ਼ਿੰਦੇ ਨੇ। ਉਹਨਾਂ ਦਾ ਸਭ ਤੋਂ ਅਹਿਮ ਮਾਅਰਕਾ ਕੋਈ ਤਿੰਨ ਕੁ ਵਰ੍ਹੇ ਪਹਿਲੋਂ 'ਚਿੱਟੀ ਵੇਂਈ ਕਾਲਾ ਸੰਤਾਪ' ਨਾਮੀ ਟੈਲੀ ਫਿਲਮ ਸੀ।

ਖੁਸ਼ੀ ਦੀ ਗੱਲ ਇਹ ਸੀ ਕਿ ਸੱਥ ਨੇ ਆਪਣੀ ਰੀਤ ਮੁਜਬ ਬੋਲੀ ਤੇ ਸਭਿਆਚਾਰ ਦੀ ਇਕ ਜੁੱਟਤਾ ਨੂੰ ਦਰਸਾਉਂਦੀ ਆਪਣੀ ਪੰਜਵੀਂ ਕਿਤਾਬ (ਬਾਲ ਗੀਤਾਂ ਤੇ ਕਵਿਤਾਵਾਂ ਦੀ ਪੁਸਤਕ) 'ਚੀਚੋ-ਚੀਚ ਗਨੇਰੀਆਂ' ਦੀ ਚੱਠ ਵੀ ਉਹਨਾਂ ਬਾਲ ਸਾਹਿਤਕਾਰਾਂ ਕੋਲੋਂ ਹੀ ਕਰਵਾਈ, ਜਿਹਨਾਂ ਨੇ ਇਹ ਕਿਤਾਬ ਛਾਪਣ 'ਚ ਭਰਪੂਰ ਯੋਗਦਾਨ ਪਾਇਆ ਸੀ। ਇਨ੍ਹਾਂ ਵਿਚ ਸ਼ਾਮਲ ਸਨ ਦਰਸ਼ਨ ਸਿੰਘ ਆਸ਼ਟ, ਮਹਿੰਦਰ ਸਿੰਘ ਮਾਨੂੰਪੁਰੀ, ਜੇ.ਐਲ.ਨੰਦਾ, ਪ੍ਰੀਤਮ ਪ੍ਰਵਾਜ਼, ਜਸਬੀਰ ਝੱਜ, ਕੰਗ ਬਰਵਾਲੀਵਾਲਾ, ਅਵਤਾਰ ਸਿੰਘ ਬਿਲਿੰਗ ਅਤੇ ਕਸ਼ਮੀਰੀ ਲਾਲ ਖੁਰਾਣਾ। ਇਸ ਛਪਤ ਵਿਚ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ੫੦-੫੦ ਕਵੀ/ਸ਼ਾਇਰ ਸ਼ਾਮਲ ਕੀਤੇ ਗਏ ਨੇ।

ਵਰ੍ਹੇਵਾਰ ਪਰ੍ਹਿਆ ਦਾ ਕਿਤਾਬਚਾ ਲੇਖਕ ਸਭਾ ਜਲੰਧਰ ਦੇ ਪ੍ਰਧਾਨ ਸੰਤ ਜਗਦੀਸ਼ ਸਿੰਘ ਵਰਿਆਮ ਅਤੇ ਜ. ਸਕੱਤਰ ਸ. ਨਰਿੰਜਨ ਸਿੰਘ ਸਾਥੀ ਜਲੰਧਰ ਹੁਰਾਂ ਜਾਰੀ ਕੀਤਾ। ਏਸ ਇਕੱਠ ਵਿਚ ਹੀ ਡਾ. ਮਲਕੀਅਤ ਸਿੰਘ ਸੈਣੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਾਲਿਆਂ ਦੀ ਅਜਬ ਕਿਤਾਬ 'ਪੰਜਾਬ ਦੀਆਂ ਤਿਤਲੀਆਂ' ਦੀ ਘੁੰਡ ਚੁਕਾਈ ਡਾ. ਹਰਦੇਵ ਸਿੰਘ ਵਿਰਕ, ਡਾ. ਬਲਬੀਰ ਸਿੰਘ ਭੌਰਾ ਤੇ ਬਾਬਾ ਬਲਵੀਰ ਸਿੰਘ ਸੀਚੇਵਾਲ ਸਾਂਝੇ ਤੌਰ 'ਤੇ ਕੀਤੀ। ਬਾਬੂ ਸਿੰਘ ਚੌਹਾਨ (ਖਮਾਣੋਂ) ਹੁਰਾਂ ਦੀ ਕਾਵਿ ਪੁਸਤਕ 'ਸੱਜਰੀ ਪੈੜ' ਦੀ ਮੂੰਹ ਵਿਖਾਈ ਵੀ ਏਸੇ ਪਰ੍ਹਿਆ ਵਿਚ ਸਤਨਾਮ ਸਿੰਘ ਮਾਣਕ ਅਤੇ ਬਾਬਾ ਗੁਰਬਖਸ਼ ਸਿੰਘ ਬੰਨੋਆਣਾ ਨੇ ਆਪਣੇ ਕਰ ਕਮਲਾਂ ਦੁਆਰਾ ਕੀਤੀ।

ਸਮਾਗਮ ਦੀ ਸ਼ੁਰੂਆਤ ਖਾਲਸਾ ਸਕੂਲ ਦੀਆਂ ਬੱਚੀਆਂ ਵਲੋਂ ਸ਼ਬਦ ਗਾਇਨ ਰਾਹੀਂ ਹੋਈ। ਜੀ ਆਇਆਂ ਆਖਣ ਲਈ ਸੱਥ ਦੇ ਅਹਿਮ ਕਾਰਕੁੰਨ ਜਥੇਦਾਰ ਗੁਰਦਿਆਲ ਸਿੰਘ ਚਿੱਟੀ ਨੇ ਪੰਜਾਬ ਭਰ 'ਚੋਂ ਇਕੱਤਰ ਹੋਏ ਸੂਝਵਾਨ ਸੱਜਣਾਂ ਨੂੰ ਖੁਸ਼ਆਮਦੀਦ ਆਖਕੇ ਸਟੇਜ ਸ. ਰਾਮ ਸਿੰਘ ਢੇਸੀ ਸਿੱਖ ਸਟੱਡੀ ਫੋਰਮ ਇੰਗਲੈਂਡ ਵਾਲਿਆਂ ਨੂੰ ਸੰਭਾਲ ਦਿੱਤੀ। ਉਦਘਾਟਨੀ ਸ਼ਬਦ ਕਹਿੰਦਿਆਂ ਸੈਕਰੋਮੈਂਟੋ ਵੱਸਦੇ ਕਵੀ ਸ. ਗੁਰਦੇਵ ਸਿੰਘ ਚਿੱਟੀ ਪ੍ਰਧਾਨ ਸਾਹਿਤ ਸਭਾ ਕੈਲੇਫੋਰਨੀਆ ਨੇ ਏਸ ਉੱਦਮ ਦੀ ਭਰਪੂਰ ਸ਼ਲਾਘਾ ਕਰਦਿਆਂ ਪੇਸ਼ਕਸ਼ ਕੀਤੀ ਕਿ ਉਹ ਵੀ ਅਮਰੀਕਾ ਤੋੜੀਂ ਸੱਥ ਦਾ ਸੁਨੇਹਾ ਅਪੜਾਵਣ ਦੇ ਨਾਲ-ਨਾਲ ਖੁਦ ਏਸ ਅਦਾਰੇ ਨਾਲ ਤਾਲਮੇਲ ਕਰਕੇ ਮਾਂ ਬੋਲੀ ਦੇ ਵਾਧੇ ਲਈ ਕੰਮ ਕਰਦੇ ਰਹਿਣਗੇ। ਖਾਲਸਾ ਸਕੂਲ ਦੇ ਛੋਟੇ-ਛੋਟੇ ਬੱਚਿਆਂ ਨੇ ਬੀਰ-ਰਸੀ ਵਾਰਾਂ ਗਾ ਕੇ ਮਾਹੌਲ ਨੂੰ ਗਰਮਾ ਦਿੱਤਾ।

ਰੋਜ਼ਾਨਾ 'ਅਜੀਤ' ਦੇ ਸਹਾਇਕ ਸੰਪਾਦਕ ਸ. ਸਤਨਾਮ ਸਿੰਘ ਮਾਣਕ ਨੇ ਸੱਥ ਦੀ ਪਿਛਲੀ ਕਾਰਗੁਜ਼ਾਰੀ ਸੰਬੰਧੀ


Sri Satguru Jagjit Singh Ji eLibrary NamdhariElibrary@gmail.com

ਵਿਚਾਰ ਪੇਸ਼ ਕਰਦਿਆਂ ਕਿਹਾ ਕਿ 'ਪੰਜਾਬੀ ਸੱਥ' ਨੇ ਵਾੜਾਂ, ਪਹਾੜਾਂ, ਦਰਿਆਵਾਂ ਸਮੁੰਦਰਾਂ ਉੱਤੋਂ ਦੀ ਲਾਂਘੇ ਦਾ ਪੁਲ ਬਣਾ ਕੇ ਸਮੂਹ ਪੰਜਾਬੀ ਭਾਈਚਾਰੇ ਨੂੰ ਜੋੜਨ ਦਾ ਜਿਹੜਾ ਇਤਿਹਾਸਕ ਕਾਰਜ ਪਿਛਲੇ ਇਕ ਦਹਾਕੇ ਵਿਚ ਨਿਭਾਇਆ ਏ ਉਹਦਾ ਕੋਈ ਜੋੜ ਨਹੀਂ। ਜਨੂੰਨ, ਈਰਖਾ, ਤੰਗ ਨਜ਼ਰੀਏ ਤੇ ਘਟੀਆਪੁਣੇ ਦੇ ਅਹਿਸਾਸ 'ਚੋਂ ਕੱਢ ਵਾੜ ਦੇ ਉਰਾਰ ਤੇ ਪਾਰ ਵਾਲੇ ਪੰਜਾਬੀਆਂ ਤੋਂ ਇਲਾਵਾ ਵਲਾਇਤਾਂ 'ਚ ਵੱਸ-ਰੱਸ ਰਹੇ ਮਾਂ-ਬੋਲੀ ਤੇ ਮਾਂ-ਮਿੱਟੀ ਦੇ ਜਾਇਆਂ ਦੀ ਸਾਂਝ ਵਧਾ ਕੇ ਆਪਣੇ ਸ਼ਾਨਾਮੱਤੇ ਵਿਰਸੇ ਦੀ ਨਿਰੀ ਖ਼ਿਦਮਤ ਈ ਨਹੀਂ ਕੀਤੀ ਸਗੋਂ ਇਨਸਾਨੀਅਤ 'ਤੇ ਪਰਉਪਕਾਰ ਕੀਤਾ ਏ। ਹੁਣ ਤੱਕ ਪੌਣੇ ਸੈਂਕੜੇ ਦੇ ਨੇੜੇ ਪੰਜਾਬੀ ਸੂਝਵਾਨਾਂ ਨੂੰ ਸਹੀ ਅਰਥਾਂ ਵਿਚ ਇੱਜ਼ਤ ਦੇ ਕੇ, ਸਨਮਾਨਿਤ ਕਰ ਕੇ ਆਪਣੀਆਂ ਅਲੋਪ ਹੋ ਰਹੀਆਂ ਕਦਰਾਂ ਕੀਮਤਾਂ ਨੂੰ ਬਚਾਇਆ ਹੈ। ਕਿਸੇ ਅਮੀਰ-ਵਜ਼ੀਰ ਜਾਂ ਸਰਕਾਰੀ ਅਹੁਦੇਦਾਰ ਦਾ ਪ੍ਰਛਾਵਾਂ ਤੱਕ ਹੁਣ ਤੱਕ ਦੀ ਕਾਰਗੁਜ਼ਾਰੀ 'ਤੇ ਨਹੀਂ ਪੈਣ ਦਿੱਤਾ। ਮੌਜੂਦਾ ਸੌੜੀ ਸਿਆਸਤ ਨੂੰ ਪਾਸੇ ਛੱਡਦਿਆਂ ਹਮੇਸ਼ਾਂ ਲੋਕਾਈ ਉੱਤੇ ਟੇਕ ਰੱਖੀ ਹੈ। ਪੰਜਾਬ ਦੇ ਦੋਹਾਂ ਟੋਟਿਆਂ ਦੇ ਸਾਹਿਤਕਾਰ-ਅਦੀਬਾਂ ਨੂੰ ਕਿਤਾਬਾਂ ਵਿਚ ਇਕੋ ਥਾਂ ਛਾਪ ਕੇ ਬੋਲੀ ਦੀ ਠੁੱਕ ਠੇਠਤਾਈ ਦੀ ਹਿਫ਼ਾਜ਼ਤ ਕੀਤੀ ਹੈ।੪੭ ਵਾਲੇ ਘੱਲੂਘਾਰੇ ਸੰਬੰਧੀ ੧੦੦ ਕਹਾਣੀਆਂ ਤੇ ੨੦੦ ਕਵਿਤਾਵਾਂ ਮਿਹਨਤ ਨਾਲ ਇਕੱਠੀਆਂ ਕਰ ਕੇ, ਛਾਪ ਕੇ ਮਨਾਂ 'ਚੋਂ ਕੁੜੱਤਣ ਕੱਢ ਤਵਾਰੀਖ ਤੋਂ ਸਿੱਖਣ ਅਤੇ ਅਗਾਂਹ ਲਈ ਸਿੱਖ ਸਿਆਣੇ ਬਣਨ ਦੀ ਵੰਗਾਰ ਪੰਜਾਬੀਆਂ ਨੂੰ ਪਾਈ ਹੈ। ਬੰਬਾਂ ਦਾ ਸਾਏ ਹੇਠ ਸਹਿਕ ਰਹੀ ਮਨੁੱਖਤਾ ਅਤੇ ਵਾਤਾਵਰਣ ਨੂੰ ਬਚਾਉਣ ਦੀਆਂ ਤਰਕੀਬਾਂ ਸੋਚੀਆਂ ਨੇ।

ਸੱਥ ਦੇ ਸਕੱਤਰ ਡਾ. ਨਿਰਮਲ ਸਿੰਘ ਨੇ ਸਨਮਾਨਿਤ ਹਸਤੀਆਂ ਦੀ ਜਾਣ-ਪਛਾਣ ਕਰਵਾਉਂਦੇ ਹੋਏ ਕਿਹਾ ਕਿ ਇਹਨਾਂ ਸਨਮਾਨਿਤ ਸਖ਼ਸ਼ੀਅਤਾਂ ਨੇ ਅਜੋਕੇ ਭੋਗਵਾਦੀ ਤੇ ਵਪਾਰਕ ਰੁਚੀਆਂ ਵਾਲੇ ਦੌਰ ਵਿਚ ਸਾਡੀ ਜ਼ਬਾਨ ਤੇ ਸਭਿਆਚਾਰ ਦਾ ਪੱਲਾ ਘੁੱਟ ਕੇ ਫੜਿਆ ਹੋਇਆ ਹੈ। ਅਸੀਂ ਮਾਣ-ਸਨਮਾਨ ਦੇ ਬਹਾਨੇ ਇਹਨਾਂ ਨੂੰ ਪਰ੍ਹਿਆ ਵਿਚ ਸੱਦ ਕੇ ਦਰਸ਼ਨ ਕਰਨ ਦੀ ਤੇ ਗੁਣੀ-ਗਿਆਨੀਆਂ ਅੱਗੇ ਸੀਸ ਨਿਵਾਉਣ ਦੀ ਪੰਜਾਬੀ ਪਿਰਤ ਨੂੰ ਅਗਾਂਹ ਤੋਰਿਆ ਹੈ। ਪੰਜਾਬੀ ਜ਼ਬਾਨ ਨੂੰ ਅੱਜ ਤੋੜੀਂ ਮਿਹਨਤਕਸ਼ਾਂ, ਕਿਰਤੀਆਂ, ਕਿਰਸਾਣਾਂ ਅਤੇ ਆਮ ਲੋਕਾਂ ਨੇ ਹੀ ਗਲ ਲਾਇਆ ਹੈ। ਪੰਜਾਬੀ ਸੱਥ ਇਨ੍ਹਾਂ 'ਤੇ ਟੇਕ ਰੱਖਦੀ ਹੋਈ ਪੂਰੀ ਤਰ੍ਹਾਂ ਆਸਵੰਦ ਹੈ ਕਿ ਇਹ ਬੋਲੀ ਆਪਣੇ ਬਲਬੂਤੇ, ਅੰਤ੍ਰੀਵੀ ਗੁਣਾਂ ਕਾਰਨ ਆਪਣੀ ਹਸਤੀ ਨੂੰ ਕਦੀ ਵੀ ਨਹੀਂ ਮਿਟਣ ਦੇਵੇਗੀ। ਉਹਨਾਂ ਕਿਹਾ ਕਿ ਪੰਜਾਬੀ ਦੁਨੀਆਂ ਭਰ ਵਿਚ ਵੱਸਦੇ ਰੱਸਦੇ, ਕੰਮ-ਧੰਦੇ ਕਰਦੇ, ਲੋੜ ਮੁਤਾਬਿਕ ਉਥੋਂ ਦੀਆਂ ਜ਼ੁਬਾਨਾਂ ਸਿੱਖਦੇ ਹੋਏ ਵੀ ਆਪਣੀ ਮਾਂ ਬੋਲੀ ਨੂੰ ਕਦੀ ਵੀ ਅਲੋਪ ਨਹੀਂ ਹੋਣ ਦੇਣਗੇ। ਸਾਨੂੰ ਕਿਸੇ ਮੀਡੀਏ, ਸਭਿਆਚਾਰ, ਬੋਲੀ ਤੋਂ ਕੋਈ ਖਤਰਾ ਨਹੀਂ ਜੇ ਅਸੀਂ ਆਪੇ ਉਸਾਰੇ ਘਟੀਆਪੁਣੇ ਦੇ ਖੋਲ ਵਿਚੋਂ ਬਾਹਰ ਝਾਤ ਪਾਉਣ ਦੀ ਕੋਸ਼ਿਸ਼ ਕਰੀਏ। ਸਾਡੇ ਗੁਰੂ ਸਾਹਿਬਾਨ, ਸੂਫ਼ੀ ਦਰਵੇਸ਼ ਅਤੇ ਸੰਤ ਭਗਤਾਂ ਦੇ ਮੁਰੀਦ ਮੀਏਂ-ਲਾਲੇ ਤੇ ਸਰਦਾਰ ਆਪਣੀ ਮਾਂ ਬੋਲੀ ਨੂੰ ਚੜ੍ਹਦੀਆਂ ਕਲਾਂ ਵੱਲ ਲਿਜਾਣ ਲਈ ਹਮੇਸ਼ਾਂ ਯਤਨਸ਼ੀਲ ਰਹਿਣਗੇ।

ਏਸੇ ਸਮਾਗਮ ਵਿਚ 'ਧਰਤਿ ਸੁਹਾਵੀ' ਦੇ ਪ੍ਰਧਾਨ ਡਾ. ਬਲਬੀਰ ਸਿੰਘ ਭੌਰਾ ਨੇ ਕਾਰ ਸੇਵਾ ਦੇ ਅਰਥਾਂ ਨੂੰ ਨਵੇਂ ਯੁੱਗ ਅਨੁਸਾਰ ਸਮਝਣ ਤੇ ਅਮਲ ਕਰਨ ਦੀ ਲੋੜ ਤੇ ਜ਼ੋਰ ਦਿੰਦਿਆ ਕਿਹਾ ਕਿ ਸਮਾਜ ਸੇਵੀ ਸੰਸਥਾਵਾਂ ਅਤੇ ਸੰਤਾਂ-ਮਹਾਂਪੁਰਸ਼ਾਂ ਨੂੰ ਹੁਣ ਪੰਜਾਬ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਕਿਸੇ ਵੀ ਸਰਕਾਰ ਜਾਂ ਕਿਸੇ ਹੋਰ ਨੂੰ ਉਡੀਕਣ ਦੀ ਥਾਵੇਂ ਖੁਦ ਕਾਰ ਸੇਵਾ ਵਿਚ ਜੁੱਟ ਜਾਣਾ ਚਾਹੀਦਾ ਹੈ ਨਹੀਂ ਤਾਂ ਆਉਣ ਵਾਲੀਆਂ ਪੀੜ੍ਹੀਆਂ ਸਾਨੂੰ ਮੁਆਫ਼ ਨਹੀਂ ਕਰਨਗੀਆਂ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਜ਼ੁਆਲੋਜੀ ਵਿਭਾਗ ਦੇ ਪ੍ਰਮੁੱਖ ਵਿਗਿਆਨੀ ਅਤੇ ਵਾਤਾਵਰਣ ਬਾਰੇ ਚਿੰਤਤ ਖਾਸ ਕਰ ਅਲੋਪ ਹੋ ਰਹੇ ਜੀਵਾਂ ਦੀਆਂ ਨਸਲਾਂ ਸੰਬੰਧੀ ਲਿਖਣ ਵਾਲੇ ਡਾ. ਮਲਕੀਅਤ ਸਿੰਘ ਸੈਣੀ ਨੇ ਪਰ੍ਹਿਆ ਨੂੰ ਸੰਬੋਧਨ ਕਰਦਿਆਂ ਗੁਰਬਾਣੀ ਦਾ ਹਵਾਲਾ ਦਿੰਦਿਆਂ ਕਿਹਾ ਕਿ ਜੇ ਅਸੀਂ ਪਵਣ ਨੂੰ ਗੁਰੂ, ਪਾਣੀ ਨੂੰ ਪਿਤਾ, ਧਰਤੀ ਨੂੰ ਮਾਤਾ ਸਵੀਕਾਰ ਨਹੀਂ ਕਰਦੇ ਤਾਂ ਅਸੀਂ ਮਨੁੱਖ ਅਖਵਾਉਣ ਦੇ ਕਤਈ ਵੀ ਹੱਕਦਾਰ ਨਹੀਂ। ਇਹਨਾਂ ਤਿੰਨਾਂ ਦੀ ਸਾਂਭ-ਸੰਭਾਲ ਕਰਨਾ ਸਾਡਾ ਇਖਲਾਕੀ ਫ਼ਰਜ਼ ਹੈ। ਨਹੀਂ ਤਾਂ ਸਾਡੇ ਨਾਲ-ਨਾਲ ਕਾਦਰ ਦੀ ਹੁਸੀਨ ਕੁਦਰਤ ਦਾ ਵਿਨਾਸ਼ ਨਿਸ਼ਚਿਤ ਹੈ।

ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਨੇ ਸੰਗਤਾਂ ਦੇ ਸਹਿਯੋਗ ਨਾਲ ਦੁਆਬੇ ਦੇ ਦੋਨੋ ਇਲਾਕੇ ਵਿਚ ਸੈਂਕੜੇ ਕਿਲੋਮੀਟਰ ਕੱਚੇ ਰਸਤਿਆਂ ਦੀ ਕਾਰ ਸੇਵਾ ਰਾਹੀਂ ਕੀਤੀ ਸਫਾਈ ਤੋਂ ਸ਼ੁਰੂ ਹੋ ਕੇ ਸਿੱਖੀ ਦੇ ਸੋਮੇ ਸ੍ਰੀ ਗੁਰੂ ਨਾਨਕ ਦੇਵ ਜੀ


Sri Satguru Jagjit Singh Ji eLibrary NamdhariElibrary@gmail.com

ਵਾਲੀ ਕਾਲੀ ਵੇਂਈ ਦੇ ਪਵਿੱਤਰ ਜਲ ਨੂੰ ਪ੍ਰਦੂਸ਼ਣ ਮੁਕਤ ਕਰਨ ਦੀ ਪਿਛਲੇ ਛੇ ਮਹੀਨਿਆਂ ਤੋਂ ਚੱਲ ਰਹੀ ਮੁਹਿੰਮ ਦਾ ਵਿਸਥਾਰ ਨਾਲ ਜ਼ਿਕਰ ਕੀਤਾ। ਵੇਂਈ ਵਿਚੋਂ ਬੂਟੀ ਕੱਢਣ, ਪੱਟੜੀਆਂ ਬਣਾਉਣ ਤੇ ਘਾਟ ਉਸਾਰਨ ਅਤੇ ਸੰਗਤਾਂ ਦੇ ਸਹਿਯੋਗ ਨਾਲ ਲੱਖਾਂ ਰੁਪਏ ਦੇ ਨੇਪਰੇ ਚਾੜ੍ਹੇ ਕਾਰਜਾਂ ਬਾਬਤ ਜਾਣਕਾਰੀ ਦਿੱਤੀ। ਉਹਨਾਂ ਸਮੂਹ ਪੰਜਾਬੀਆਂ ਨੂੰ ਬਿਨਾਂ ਕਿਸੇ ਵੰਡ ਵਿਤਕਰੇ ਤੋਂ ਕਾਰ ਸੇਵਾ ਰਾਹੀਂ ਮਲੀਨ ਹੋ ਚੁੱਕੀ ਹਵਾ, ਪ੍ਰਦੂਸ਼ਤ ਪਾਣੀ ਅਤੇ ਬੰਜਰ ਹੋ ਰਹੀ ਭੋਇੰ ਨੂੰ ਬਚਾਉਣ ਲਈ ਕਮਰ-ਕੱਸੇ ਕੱਸਣ ਦੀ ਅਪੀਲ ਕੀਤੀ।

ਪਰ੍ਹਿਆ ਦੇ ਪ੍ਰਧਾਨ ਸੰਸਾਰ ਪ੍ਰਸਿੱਧ ਭੂਚਾਲ ਵਿਗਿਆਨੀ ਡਾ. ਹਰਦੇਵ ਸਿੰਘ ਵਿਰਕ ਨੇ ਪੰਜਾਬੀਆਂ ਨੂੰ ਕੁਦਰਤ ਨਾਲ ਇਕਸੁਰ ਹੋ ਕੇ ਖੇਤੀ ਕਰਨ ਦੀ ਮੁੱਲਵਾਨ ਸਲਾਹ ਦਿੱਤੀ। ਉਹਨਾਂ ਨੇ ਕਿਹਾ ਕਿ ਹਿੰਦੁਸਤਾਨ ਨੂੰ ਅੰਨ੍ਹ ਦੀ ਲੋੜ ਸੀ ਤਾਂ ਪੰਜਾਬੀਆਂ ਨੇ ਪੰਜਾਬ ਦੇ ਪਾਣੀਆਂ ਤੇ ਧਰਤੀ ਦੀ ਪ੍ਰਵਾਹ ਨਾ ਕਰਦੇ ਹੋਏ ਬੇਲੋੜੀਆਂ ਖਾਦਾਂ ਅਤੇ ਕੀਟਨਾਸ਼ਕਾਂ ਦੀ ਭਰਪੂਰ ਵਰਤੋਂ ਕਰਕੇ ਏਥੋਂ ਦੀ ਜਰਖੇਜ਼ ਜ਼ਮੀਨ ਨੂੰ ਸਦਾ-ਸਦਾ ਲਈ ਬੰਜਰ ਬਣਾਉਣ ਦੀ ਭਾਰੀ ਭੁੱਲ ਕੀਤੀ ਹੈ। ਸਾਨੂੰ ਆਪਣੀ ਸਮਝ ਤੋਂ ਕੰਮ ਲੈਂਦਿਆਂ, ਆਤਮ ਨਿਰਭਰ ਹੋਣ ਅਤੇ ਆਪਣੇ ਕੁਦਰਤੀ ਸੋਮਿਆਂ ਨੂੰ ਬਚਾਉਣ ਦੀ ਡਾ. ਵਿਰਕ ਨੇ ਜ਼ੋਰਦਾਰ ਵਕਾਲਤ ਕੀਤੀ। ਉਹਨਾਂ ਨੇ ਖਦਸ਼ਾ ਪ੍ਰਗਟ ਕੀਤਾ ਕਿ ਜੇ ਗੁਜਰਾਤ ਵਾਂਗ ਪੰਜਾਬ ਵਿਚ ਕਦੀ ਭੂਚਾਲ ਆ ਜਾਵੇ ਤਾਂ ਗੈਰ-ਕੁਦਰਤੀ ਡੈਮਾਂ ਅਤੇ ਤੇਜ਼ੀ ਨਾਲ ਹੋ ਰਹੀ ਉਸਾਰੀ ਕਾਰਨ ਤਬਾਹੀ ਕਈ ਗੁਣਾਂ ਵੱਧ ਹੋਵੇਗੀ। ਸਾਨੂੰ ਆਪਣੀ ਰਹਿਤਲ ਤੇ ਬੋਲੀ ਨਾਲ ਜੁੜ ਕੇ ਸਮੇਂ ਦੇ ਹਾਣੀ ਬਣਨਾ ਚਾਹੀਦਾ ਹੈ। ਡਾ. ਹਰਦੇਵ ਸਿੰਘ ਵਿਰਕ ਨੇ ਸੱਥ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਅਕਸਰ ਵੇਖਿਆ ਗਿਆ ਹੈ ਕਿ ਪਹਿਲੋਂ ਸੱਥ ਕਿਸੇ ਹਸਤੀ ਦੀ ਚੋਣ ਕਰਦੀ ਹੈ ਫੇਰ ਹੀ ਭਾਸ਼ਾ ਵਿਭਾਗ, ਸਾਹਿਤ ਅਕਾਦਮੀ ਜਾਂ ਹੋਰ ਅਦਾਰੇ ਪਛਾਣਦੇ ਹਨ।

ਇਸ ਗਿਆਰਵੀਂ ਪਰ੍ਹਿਆ ਮੌਕੇ ਪੰਜਾਬ ਦੀਆਂ ਕੁਝ ਸਭਿਆਚਾਰਕ-ਵਿਰਾਸਤੀ ਯਾਦਾਂ ਵੀ ਉਦੋਂ ਤਾਜ਼ਾ ਹੋ ਗਈਆਂ ਜਦੋਂ ਇਥੋਂ ਗੰਨੇ ਦੀ ਰਸ ਅਤੇ ਗੁੜ ਪੂਰੇ ਖਚਾ-ਖਚ ਭਰੇ ਹਾਲ ਵਿਚ ਵਰਤਾਇਆ ਗਿਆ। ਉਸ ਉਪਰੰਤ ਬੀਬੀ ਪਰਮਿੰਦਰ ਕੌਰ ਸੇਖੋਂ ਅਤੇ ਉਹਦੀਆਂ ਸਹੇਲੀਆਂ ਵਲੋਂ ਗਾਏ 'ਸੁਹਾਗ' ਦੀ ਹਾਜ਼ਰ ਇਕੱਠ ਨੇ ਤਾੜੀਆਂ ਮਾਰ ਕੇ ਭਰਪੂਰ ਸ਼ਲਾਘਾ ਕੀਤੀ। ਪਰ੍ਹਿਆ ਵਿਚ ਸਕੂਲ ਦੇ ਹਾਲ ਅੰਦਰ 'ਸੱਥ' ਵਲੋਂ ਹੁਣ ਤੱਕ ਸਨਮਾਨੇ ਜਾ ਪੰਜਾਬੀ ਪਿਆਰਿਆਂ ਦੀਆਂ ਤਸਵੀਰਾਂ, ਸਾਲਾਨਾ ਬੈਨਰ, ਉਹਨਾਂ ਦੀਆਂ ਕਿਤਾਬਾਂ, ਸੱਥ ਦੀਆਂ ਛਪਤਾਂ, ਯਾਦਗਾਰੀ ਤਸਵੀਰਾਂ ਦੀਆਂ ਐਲਬਮਾਂ ਤੋਂ ਇਲਾਵਾ ਦਿਨੋਂ ਦਿਨ ਅਲੋਪ ਹੋ ਰਹੀਆਂ ਵਸਤਾਂ ਦੀ ਨੁਮਾਇਸ਼ ਸਭ ਦੀ ਖਿੱਚ ਦਾ ਕੇਂਦਰ ਬਣੀ ਹੋਈ ਸੀ।

ਬਾਬਾ ਬੁੱਲ੍ਹੇ ਸ਼ਾਹ ਪੁਰਸਕਾਰ ਨਾਲ ਸਨਮਾਨਿਤ ਸੂਫੀ ਕਲਾਮ ਦੇ ਬਾਦਸ਼ਾਹ ਜਨਾਬ ਬਰਕਤ ਸਿੱਧੂ ਨੇ ਆਪਣੀ ਕਸ਼ਿਸ਼ ਭਰੀ ਆਵਾਜ਼ ਵਿਚ ਸੁਲਤਾਨ ਬਾਹੂ ਦਾ ਕਲਾਮ 'ਅਲਫ਼ ਅੱਲ੍ਹਾ ਚੰਬੇ ਦੀ ਬੂਟੀ ਮੁਰਸ਼ਦ ਮੇਰੇ ਮਨ ਲਾਈ ਹੂ,' ਗਾ ਕੇ ਇਕੱਤਰ ਸਰੋਤਿਆਂ ਨੂੰ ਮੰਤਰ ਮੁਗਧ ਕਰ ਦਿੱਤਾ। ਇਸ ਤੋਂ ਇਲਾਵਾ 'ਹਰ ਸੂਰਤ ਵਿਚ ਵੱਸਦਾ ਢੋਲਣ ਮਾਹੀ,' 'ਹੋਰ ਵੀ ਨੀਵਾਂ ਹੋ ਫਕੀਰਾ ਹੋਰ ਵੀ ਨੀਵਾਂ ਹੋ' ਆਦਿ ਸੂਫ਼ੀ ਕਲਾਮ ਗਾ ਕੇ ਉਹਨਾਂ ਝੂਮਦੇ ਸਰੋਤਿਆਂ ਤੋਂ ਭਰਪੂਰ ਦਾਦ ਖੱਟੀ।

ਸਮਾਗਮ ਦੇ ਅੰਤ ਵਿਚ ਸ. ਪਿਆਰਾ ਸਿੰਘ ਪ੍ਰਧਾਨ ਪੰਜਾਬੀ ਸੱਥ ਨੇ ਸਾਰੇ ਸੱਜਣਾਂ ਦੇ ਇੱਥੇ ਪਹੁੰਚਣ ਦਾ ਹਾਰਦਿਕ ਧੰਨਵਾਦ ਕੀਤਾ ਅਤੇ ਆਸ ਪ੍ਰਗਟਾਈ ਕਿ ਅਗਲੇ ਵਰ੍ਹੇ ਵੀ ਏਸੇ ਤਰ੍ਹਾਂ ਵੱਧ ਚੜ੍ਹ ਕੇ ਪੰਜਾਬੀ ਪਿਆਰੇ ਸੱਥ ਦੀ ਸਾਲਾਨਾ ਪਰ੍ਹਿਆ ਵਿਚ ਸ਼ਿਰਕਤ ਕਰਨਗੇ। ਪੰਜਾਬੀ ਭਾਈਚਾਰੇ ਦੀਆਂ ਸਾਂਝਾਂ ਦੀਆਂ ਤੰਦਾਂ ਨੂੰ ਹੋਰ ਮਜ਼ਬੂਤ ਕਰਨਗੇ।

ਇਸ ਗਿਆਰਵੀਂ ਪਰ੍ਹਿਆ ਵਿਚ ਪੰਜਾਬ ਹੀ ਨਹੀਂ ਸਗੋਂ ਦੇਸ ਵਿਦੇਸ਼ ਤੋਂ ਵੀ ਪੰਜਾਬੀ ਪਿਆਰੇ ਵਿਸ਼ੇਸ਼ ਤੌਰ 'ਤੇ ਪੁੱਜੇ ਸਨ।


*ਏ-ਰੁਹੁਪਿੰਦਰ ਰੂਪ ਸਿੰਘ ਸੰਧੂ,*
*ਪਿੰਡ ਸਿੰਘ, ਡਾਕਘਰ ਕੰਗ ਸਾਹਬੂ,*
*ਜਲੰਧਰ, ਫੋਨ. 0181-792233*



ਵਰਿਆਮ ਲਈ ਸ਼ੁਭ ਇਛਾਵਾਂ
ਸ. ਅਜੀਤ ਸਿੰਘ ਨਾਮਧਾਰੀ

**ਨਾਮਧਾਰੀ ਬ੍ਰਦਰਜ਼**

ਡਾਲਟਨਗੰਜ (ਬਿਹਾਰ)

**Namdhari Brothers**

Dalton Ganj (Bihar)
Prop. S. Ajit Singh Namdhari





Sri Satguru Jagjit Singh Ji eLibrary NamdhariElibrary@gmail.com

ਹਰ ਤਰ੍ਹਾਂ ਦੇ ਸੰਗੀਤ ਦੇ ਸਾਜ਼ਾਂ ਵਾਸਤੇ
ਸਿਤਾਰ ਅਤੇ ਤਾਨਪੁਰਾ ਦੇ ਮਾਹਰ



**ਗੁਰਦਿਆਲ ਸਿੰਘ ਐਂਡ ਸਨਜ਼**

ਫਗਵਾੜਾ ਗੇਟ, ਜਲੰਧਰ ਫੋਨ : ੫੯੮੬੯

ਹਰ ਪ੍ਰਕਾਰ ਦੀਆਂ ਚੁਗਾਠਾਂ ਜੋੜੀ ਪੱਲੇ ਅਤੇ ਹੋਰ
ਲੱਕੜੀ ਦੇ ਤਸੱਲੀਬਖਸ਼ ਕੰਮ ਵਾਸਤੇ
ਦਰਸ਼ਨ ਦਿਓ

**ਬਚਨ ਸਿੰਘ ਐਂਡ ਸਨਜ਼**

ਨਿਊ ਟਿੰਬਰ ਮਾਰਕੀਟ.
ਇਕਹਿਰੀ ਪੁਲੀ, ਜਲੰਧਰ ਸ਼ਹਿਰ
ਫੋਨ ਨੰ. ੨੩੨੯੯੦

ਬਜ਼ਾਰ ਨਾਲੋਂ ਸਸਤੀ ਅਤੇ ਵਧੀਆ ਕਿਸਮ ਦੀ ਲੱਕੜ
ਆਸਾਮ ਸਾਗਵਾਨ, ਚਾਂਪ, ਦਿਓਦਾਰ, ਕੈਲ, ਪੜਤਲ,
ਚੀਲ ਆਦਿ ਵੇਚਣ ਵਾਲੇ

**ਦਲੀਪ ਸਿੰਘ ਪੂਰਨ ਸਿੰਘ ਸੱਗੂ**

(ਟਿੰਬਰ ਮਰਚੈਂਟਸ)

**DALIP SINGH PURAN SINGH SAGGU**

*(Timber Merchants)*

ਪੁਰਾਣੀ ਰੇਲਵੇ ਰੋਡ, ਜਲੰਧਰ ਸ਼ਹਿਰ
Ph. : 58795, 59056
Mobile Ph.: 9814060489 Pager 96124089

**JANTA**

**HYDRAULIC PRESSES**



**JANTA ENGG. WORKS**
P.O. MOHAN NAGAR
RAJENDRA NAGAR
INDUSTRIAL AREA,
GHAZIABAD-210 007 (U.P.)
PHONE: OFF: 8-63455
RESI: 5412951
8-64574

MFRS. OF:
HYDRAULIC PRESSES FOR THE USE OF
- RUBBER MOULDING
- CONVEYOR & TRANSMISSION BELTING
- PLYWOOD HOT PRESSES
- DEEP DRAWING
- CLUTCH FACING & BRAKE LINING

ਫੈਂਸੀ ਬਿਲਡਿੰਗ ਮੈਟੀਰੀਅਲ, ਤਾਲੇ ਅਤੇ ਹੋਰ
ਹਾਰਡਵੇਅਰ ਦੇ ਸਮਾਨ ਵਾਸਤੇ ਯਾਦ ਰੱਖੋ
ਦਰਵਾਜ਼ੇ, ਖਿੜਕੀਆਂ, ਰੌਸ਼ਨਦਾਨ ਅਤੇ ਲੱਕੜੀ ਦਾ
ਵਧੀਆ ਇਮਾਰਤੀ ਸਮਾਨ ਤਿਆਰ ਕਰਨ ਵਾਲੇ

**ਹਰਭਜਨ ਵੁੱਡ ਵਰਕਸ**

ਇਕਹਿਰੀ ਪੁਲੀ, ਜਲੰਧਰ-੧੪੪੦੦੪
ਫੋਨ- ੨੩੮੭੮੪

ਹਰ ਕਿਸਮ ਦੀ ਲੱਕੜ ਖਰੀਦਣ ਵਾਸਤੇ ਅਤੇ ਚੁਗਾਠਾਂ,
ਦਰਵਾਜ਼ੇ, ਖਿੜਕੀਆਂ, ਰੌਸ਼ਨਦਾਨ ਬਣਵਾਉਣ ਲਈ ਅਤੇ
ਵਧੀਆ ਕਿਸਮ ਦਾ ਇਮਾਰਤੀ ਸਾਮਾਨ ਖਰੀਦਣ ਲਈ

**ਹਜ਼ੂਰ ਸਿੰਘ ਐਂਡ ਸਨਜ਼**

(ਪਾਰਟਨਰ ਹਜ਼ੂਰ ਸਿੰਘ ਜਸਬੀਰ ਸਿੰਘ)
ਇਕਹਿਰੀ ਪੁਲੀ, ਜਲੰਧਰ ਸ਼ਹਿਰ

*ਵਾਲਿਆਂ ਦੀ ਦੁਕਾਨ ਤੇ ਦਰਸ਼ਨ ਦਿਓ ਤੇ ਲਾਭ ਉਠਾਓ*





Sri Satguru Jagjit Singh Ji eLibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

© 61040
Code : 01824

# For Fitting Diesel Engines in Foreign & INDIAN CAR BODIES




*Specialists in :*

## Mercedes Benz Car Repairing

# AMARJIT MOTOR GARAGE

G.T. Road, Opp. Jalandhar Octroi Post,
PHAGWARA



Sri Satguru Jagjit Singh Ji eLibrary NamdhariElibrary@gmail.com




Sri Satguru Jagjit Singh Ji eLibrary NamdhariElibrary@gmail.com

gisterd No. PB/1017/2001 MONTHLY WARIAM Ladowali Road, Jalandhar-144001
gd. RNI No. 26453/75
APRIL 2001



ਇਸ ਵਾਰ ਸ੍ਰੀ ਭੈਣੀ ਸਾਹਿਬ ਹੋਲੇ ਮਹੱਲੇ ਦੀ ਸੇਵਾ ਇੰਗਲੈਂਡ ਨਿਵਾਸੀ ਸ. ਬਹਾਦਰ ਸਿੰਘ ਸਿਹਰਾ ਅਤੇ ਸ. ਰਣਜੀਤ ਸਿੰਘ ਹੋਰਾਂ ਕੀਤੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਪਾਸੋਂ ਸੰਨ ੨੦੦੪ ਦੇ ਹੋਲੇ ਦੀ ਸੇਵਾ ਵੀ ਪ੍ਰਾਪਤ ਕਰਨ ਬਾਦ ਹਜ਼ੂਰੀ ਵਿਚ ਬੈਠੇ ਸੰਤ ਬਹਾਦਰ ਸਿੰਘ ਸਿਹਰਾ ਉਹਨਾਂ ਦੇ ਪਿਤਾ ਸੰਤ ਸਰਦਾਰਾ ਸਿੰਘ ਸਿਹਰਾ, ਸੰਤ ਰਣਜੀਤ ਸਿੰਘ ਜੀ। ਠਾਕੁਰ ਉਦੈ ਸਿੰਘ ਜੀ, ਸੰਤ ਅਵਤਾਰ ਸਿੰਘ, ਹਜ਼ੂਰੀ ਸੇਵਕ ਸੰਤ ਰਛਪਾਲ ਸਿੰਘ, ਸੰਤ ਦੀਦਾਰ ਸਿੰਘ ਅਤੇ ਸੰਤ ਮਹਿੰਦਰ ਸਿੰਘ ਪੂਰਬਾ ਵੀ ਇਸ ਅਵਸਰ ਤੇ ਹਾਜਰ ਹਨ।



ਵਰਿਆਮ ਦਾ ਸਿਲਵਰ ਜੁਬਲੀ ਸਮਾਗਮ ਜੰਮੂ ਵਿਚ ੧੮ ਫਰਵਰੀ ੨੦੦੧ ਨੂੰ ਕੀਤਾ ਗਿਆ ਇਸ ਸਮੇਂ ਦੇ ਇਕ ਚਿਤਰ ਵਿਚ ਡਾ. ਤਰੁਣ ਸਿੰਘ ਸ੍. ਬਲਜੀਤ ਸਿੰਘ ਰੈਣਾ, ਜਨਾਬ ਖ਼ਾਲਿਦ ਹੁਸੈਨ, ਸੰਤ ਕਰਤਾਰ ਸਿੰਘ ਪ੍ਰਧਾਨ, ਪ੍ਰੋ. ਤਾਰਾ ਸਿੰਘ ਅਨਜਾਣ, ਜਗਦੀਸ਼ ਸਿੰਘ ਸੰਪਾਦਕ ਵਰਿਆਮ, ਸੂਬਾ ਸੁਖਦੇਵ ਸਿੰਘ ਜੀ, ਡਾ. ਦਵਿੰਦਰ ਸਿੰਘ, ਸ. ਦੀਦਾਰ ਸਿੰਘ, ਸ੍. ਹਰਦਿਆਲ ਸਿੰਘ ਰਹਿਬਰ, ਕਾਮਰੇਡ ਹਰੀ ਚੰਦ ਜਲਮੇਰੀਆ ਆਦਿ।

Sri Satguru Jagjit Singh Ji eLibrary NamdhariElibrary@gmail.com

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼. ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ ਦਫ਼ਤਰ